# ਜ਼ਫ਼ਰਨਾਮਾ



ਪਿਆਰਾ ਸਿੰਘ ਪਦਮ

# ਜ਼ਫ਼ਰਨਾਮਾ

## ਤੇ ਪੰਜ ਹੋਰ ਨਾਮੇ

ਪਿਆਰਾ ਸਿੰਘ ਪਦਮ

ਸਿੰਘ ਬ੍ਰਦਰਜ਼
ਅੰਮ੍ਰਿਤਸਰ

ISBN 81-7205-162-X

ਪਹਿਲੀ ਵਾਰ 1989
ਦੂਜੀ ਵਾਰ ਜੁਲਾਈ 1996
ਤੀਜੀ ਵਾਰ ਦਸੰਬਰ 1998
ਚੌਥੀ ਵਾਰ ਜੂਨ 2001
ਪੰਜਵੀਂ ਵਾਰ ਸਤੰਬਰ 2008
ਛੇਵੀਂ ਵਾਰ ਸਤੰਬਰ 2013

**ਮੁੱਲ : 60-00 ਰੁਪਏ**

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


ਦੋ ਸ਼ਬਦ 5

ਭੂਮਿਕਾ (ਜ਼ਫ਼ਰਨਾਮੇ ਦੀ ਵਿਥਿਆ) 9

ਜ਼ਫ਼ਰਨਾਮਾ (ਸ੍ਰੀ ਦਸਮੇਸ਼ ਜੀ) 41

(੧) ਅੰਤਿਕਾ — ਜੰਗਨਾਮਾ (ਅਗਿਆਤ) 80

(੨) ਅੰਤਿਕਾ — ਸਫ਼ਰਨਾਮਾ (ਦਰਬਾਰੀ ਢਾਡੀ) 96

(੩) ਅੰਤਿਕਾ — ਅਮਰਨਾਮਾ (ਦਰਬਾਰੀ ਢਾਡੀ) 118

(੪) ਅੰਤਿਕਾ — ਸਾਕੀਨਾਮਾ (ਸ੍ਰੀ ਦਸਮੇਸ਼ ਜੀ) 145

(੫) ਅੰਤਿਕਾ — ਅਰਜ਼ਨਾਮਾ (ਸ੍ਰੀ ਦਸਮੇਸ਼ ਜੀ, ਬੇਨਤੀ ਚੌਪਈ) 149

***ਸਹਾਇਕ ਸੋਮੇ :***


1. ਮੁਆਸਰਿ ਆਲਮਗੀਰੀ — ਮੁਹੰਮਦ ਸਾਕੀ ਮੁਸਤਇਦ ਖ਼ਾਂ
2. ਅਹਿਕਾਮੇ ਆਲਮਗੀਰੀ — ਮਿਰਜ਼ਾ ਇਨਾਯੁਤੁੱਲਾ ਖ਼ਾਂ
3. ਰੁੱਕਾਤਿ ਆਲਮਗੀਰੀ — (ਅੰਗ੍ਰੇਜ਼ੀ ਅਨੁ:) ਜਮਸ਼ੈਦ ਬਿਲੀਮੋਰੀਆ
4. ਗੁਰੂ ਕੀਆਂ ਸਾਖੀਆਂ — ਸ੍ਵਰੂਪ ਸਿੰਘ ਕੌਸ਼ਿਸ਼
5. ਪ੍ਰਾਚੀਨ ਸੌ ਸਾਖੀ — ਸਾਹਿਬ ਸਿੰਘ
6. ਸ੍ਰੀ ਗੁਰ ਸ਼ੋਭਾ — ਸੈਣਾ ਸਿੰਘ
7. ਬੰਸਾਵਲੀਨਾਮਾ — ਕੇਸਰ ਸਿੰਘ ਛਿਬਰ
8. ਹਿਸਟਰੀ ਆਫ਼ ਔਰੰਗਜ਼ੇਬ — ਸਰ ਜਾਦੂਨਾਥ ਸਰਕਾਰ
9. ਔਰੰਗਜ਼ੇਬ ਐਂਡ ਹਿਜ਼ ਟਾਇਮਜ਼ — ਜ਼ਹੀਰੁੱਦੀਨ ਫ਼ਾਰੂਕੀ
10. ਤੇਗ ਬਹਾਦਰ ਸਿਮ੍ਰੀਐ — ਪਿਆਰਾ ਸਿੰਘ ਪਦਮ



# ਦੋ ਸ਼ਬਦ

ਭਾਰਤ ਦੇ ਇਤਿਹਾਸ ਵਿਚ ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਾਂਤੀਕਾਰੀ ਪਰਿਵਰਤਨ ਲਿਆਂਦੇ ਤੇ ਦੇਸ ਦੇ ਸ੍ਵੈਮਾਨ ਨੂੰ ਟੁੰਬ ਕੇ ਜਗਾਇਆ, ਉਸ ਦੀ ਮਿਸਾਲ ਘੱਟ ਹੀ ਮਿਲਦੀ ਹੈ। ਆਪ ਨੂੰ ਮੁਗ਼ਲ ਸਾਮਰਾਜ ਦੇ ਜਬਰ ਵਿਰੁੱਧ ਜੀਵਨ ਭਰ ਘੋਲ ਕਰਨਾ ਪਿਆ। ਆਪ ਦੇ ਪਿਤਾ ਮਾਤਾ ਨੇ ਇਸੇ ਸੰਗ੍ਰਾਮ ਵਿਚ ਬਲੀਦਾਨ ਦਿੱਤੇ ਅਤੇ ਚਾਰ ਸਾਹਿਬਜ਼ਾਦਿਆਂ ਵੀ। ਪਰ ਬਾਵਜੂਦ ਅਨੇਕਾਂ ਔਕੜਾਂ ਤੇ ਸੰਕਟਾਂ ਦੇ ਉਹ ਡੋਲੇ ਨਹੀਂ, ਘਬਰਾਏ ਨਹੀਂ, ਆਪਣੇ ਸੱਚੇ-ਸੁੱਚੇ ਆਦਰਸ਼ ਉੱਤੇ ਦ੍ਰਿੜ੍ਹ ਰਹੇ। ਇਸ ਅਡੋਲਤਾ ਤੇ ਦ੍ਰਿੜ੍ਹਤਾ ਦੀ ਸੁੰਦਰ ਤੇ ਸ਼ਕਤੀਮਾਨ ਨਿਸ਼ਾਨੀ ਜ਼ਫ਼ਰਨਾਮਾ ਹੈ, ਜੋ ਅੱਜ ਵੀ ਰਣਸਿੰਗੇ ਵਾਂਙ ਹੱਕ ਸੱਚ ਦੀ ਅਵਾਜ਼ ਗੁੰਜਾਉਂਦਾ ਸੁਣਾਈ ਦਿੰਦਾ ਹੈ। ਇਹ ਭਗਤੀ ਤੇ ਸ਼ਕਤੀ ਦਾ ਸੰਗਮ ਹੈ, ਜਿਥੇ ਆਪ ਨੇ ਜੰਗੀ ਦਾਸਤਾਨ ਤੋਂ ਇਲਾਵਾ ਇਲਾਹੀ ਈਮਾਨ ਦਾ ਸਿਧਾਂਤ ਵੀ ਦ੍ਰਿੜ੍ਹਾਇਆ ਹੈ, ਉਥੇ 'ਕੌਲੇ ਕੂਰਾਂ' ਵਾਲੇ ਬੇਈਮਾਨ ਹੋ ਚੁੱਕੇ ਬਚਨ-ਭੰਗੀਆਂ ਦੀ ਵੀ ਚੰਗੀ ਛਿੱਲ ਲਾਹੀ ਹੈ। ਸਾਮਰਾਜ ਦੀਆਂ ਕਮਜ਼ੋਰੀਆਂ ਤੋਂ ਪਰਦਾ ਉਠਾ ਕੇ ਉਨ੍ਹਾਂ ਕੂੜਿਆਰਾਂ ਦੇ ਛਲ-ਫ਼ਰੇਬ ਤੇ ਕੁਟਿਲ ਚਾਲਾਂ ਨੂੰ ਨੰਗਿਆਂ ਕਰਨਾ ਇਸ ਨਿਪੁੰਨ ਅਤੇ ਨਿਰਭੈ ਯੋਧੇ ਗੁਰੂ ਦਾ ਹੀ ਕੰਮ ਸੀ; ਉਦੋਂ ਹੋਰ ਕੌਣ ਸੀ, ਜੋ ਔਰੰਗਜ਼ੇਬ ਵਰਗੇ ਬਾਦਸ਼ਾਹ ਨੂੰ ਇਉਂ ਵੰਗਾਰਦਾ।

ਗੁਰੂ ਸਾਹਿਬ ਨੂੰ ਅਸੀਂ ਤੇਗ਼ ਤੇ ਕਲਮ ਦਾ ਧਨੀ ਕਹਿੰਦੇ ਹਾਂ, ਆਪ ਦਾ ਦੁਧਾਰਾ ਖੰਡਾ ਦੁਨਿਆਵੀ ਤੇ ਦੀਨੀ ਬਰਕਤਾਂ ਦੀ ਝਲਕ ਦਰਸਾਉਂਦਾ ਹੈ, ਪਰ ਸਾਨੂੰ ਹੈਰਾਨੀ ਹੁੰਦੀ ਹੈ ਕਿ ਉਹ ਜੀਵਨ ਦੇ ਵਿਕਾਸ ਲਈ ਤੇਗ਼ਾਂ ਤਲਵਾਰਾਂ ਨੂੰ ਪ੍ਰਿਥਮ ਸਥਾਨ ਨਹੀਂ ਸੀ ਦਿੰਦੇ, ਮਜਬੂਰੀ ਦੀ ਹਾਲਤ ਵਿਚ ਬਿਲਕੁਲ ਆਖ਼ਰੀ ਸਾਧਨ ਮੰਨ ਕੇ ਅਪਣਾਉਂਦੇ ਸਨ। ਮਹਾਂਪੁਰਸ਼ਾਂ ਦਾ ਮੁਤੱਬਰਕ

ਮਕਸਦ, ਜ਼ਿੰਦਗੀ ਨੂੰ ਮੁਹੱਜ਼ਬ ਤੇ ਮੁਕੰਮਲ ਮੁਖ਼ਤਯਾਰ ਬਣਾਉਣਾ ਰਿਹਾ ਹੈ, ਇਹ ਮੁਹੱਬਤ ਬਿਨਾ ਸੰਭਵ ਨਹੀਂ। ਇਸੇ ਕਰਕੇ ਸਤਿਗੁਰਾਂ ਸਿਖਾਂ ਨੂੰ ਵੀ 'ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ' ਦੀ ਤਾਕੀਦ ਕੀਤੀ ਹੈ। ਡਾ: ਇਕਬਾਲ ਨੇ ਮਰਦਾਂ ਦੀਆਂ ਸ਼ਮਸ਼ੀਰਾਂ ਹੀ ਇਹ ਗਿਣੀਆਂ ਹਨ:

**ਯਕੀਂ ਮੁਹਕਮ, ਅਮਲ ਪੈਹਮ, ਮੁਹੱਬਤ ਫ਼ਾਤਿਹ-ਆਲਮ,**
**ਜਹਾਦੇ ਜ਼ਿੰਦਗਾਨੀ ਮੇਂ, ਯੇਹ ਹੈਂ ਮਰਦੋਂ ਕੀ ਸ਼ਮਸ਼ੀਰੇਂ।**

ਇਹ ਸਭ ਨੂੰ ਪਤਾ ਹੈ ਕਿ ਮੁਗ਼ਲ ਸਾਮਰਾਜ ਨੇ ਰਾਜ-ਮਦ ਵਿਚ ਅੰਨ੍ਹੇ ਹੋ ਕੇ ਸਿਖ ਲਹਿਰ ਉੱਤੇ ਬੇਅੰਦਾਜ਼ ਅਤਿਆਚਾਰ ਕੀਤੇ ਤੇ ਕਈ ਤਰ੍ਹਾਂ ਦੇ ਦੁਰ-ਵਿਹਾਰ ਕੀਤੇ, ਪਰ ਗੁਰੂ ਸਾਹਿਬ ਵਾਅਦਾ-ਸ਼ਿਕਨੀਆਂ ਤੇ ਹੋਰ ਜ਼ਿਆਦਤੀਆਂ ਦਾ ਜ਼ਿਕਰ ਕਰਦੇ ਹੋਏ ਵੀ ਸਭ ਕੁਝ ਅਣਡਿੱਠ ਕਰ ਕੇ ਬਾਦਸ਼ਾਹ ਨੂੰ ਸੁਲਹ-ਸਫ਼ਾਈ ਲਈ ਮੁਲਾਕਾਤ ਖ਼ਾਤਰ ਫ਼ੁਰਮਾਨ ਜਾਰੀ ਕਰਨ ਦਾ ਸੁਝਾਉ ਪੇਸ਼ ਕਰਦੇ ਹਨ ਤਾਕਿ ਤਲਖ਼ੀਆਂ ਦਾ ਦੌਰ ਖ਼ਤਮ ਕੀਤਾ ਜਾ ਸਕੇ। ਔਰੰਗਜ਼ੇਬ ਨੇ ਗ਼ਲਤੀਆਂ ਦਾ ਅਹਿਸਾਸ ਕਰ ਕੇ ਇਸ ਸੁਝਾਉ ਨੂੰ ਪਰਵਾਨ ਵੀ ਕੀਤਾ ਪਰ ਕਾਲ ਨੇ ਉਸ ਨੂੰ ਹੋਰ ਸਮਾਂ ਨਾ ਦਿੱਤਾ ਤੇ ਉਹ ਜ਼ਫ਼ਰਨਾਮੇ ਦੇ ਤੀਰ ਨਾਲ ਜ਼ਖ਼ਮੀ ਹੋਇਆ ਪਸ਼ਚਾਤਾਪ ਦੇ ਪਲੰਘ 'ਤੇ ਪਿਆ ਪਿਆ ਪਰਲੋਕ ਪਿਆਨਾ ਕਰ ਗਿਆ। ਤਵਾਰੀਖ਼ ਲਈ ਇਹ ਇਕ ਬੜਾ ਅਲੌਕਿਕ ਦ੍ਰਿਸ਼ ਹੈ ਕਿ ਕਿਥੇ ਘਰ ਘਾਟ ਗੁਆ ਕੇ ਕਾਂਗੜ ਦੀਨੇ ਦੀ ਇਕ ਗੁੱਠੇ ਬੈਠਾ ਲੱਖੀ ਜੰਗਲ ਦਾ ਫ਼ਕੀਰ ਹੈ ਤੇ ਕਿਥੇ ਹਿੰਦ ਦੇ ਉੱਤਰ ਦੱਖਣ ਦਾ ਮਾਲਿਕ ਔਰੰਗਜ਼ੇਬ ਆਲਮਗੀਰ। ਡਾ: ਜੈਮਿਲੀ ਦੇ ਅੱਖੀਂ ਡਿੱਠੇ ਦ੍ਰਿਸ਼ ਅਨੁਸਾਰ (ਮਾਰਚ ੧੬੯੫ ਈ:)'ਗਲਗਲੇ ਦੀ ਛਾਉਣੀ ਵਿਚ ਔਰੰਗੇ ਦੇ ਸ਼ਾਹੀ ਤੰਬੂ ਤਿੰਨ ਮੀਲ ਦੇ ਘੇਰੇ ਤਕ ਫੈਲੇ ਹੋਏ ਹਨ, ਜਿਸ ਵਿਚ ਇਕ ਲੱਖ ਪੈਦਲ, ੬੦ ਹਜ਼ਾਰ ਘੋੜਾ, ੫੦ ਹਜ਼ਾਰ ਊਠ ਤੇ ਤਿੰਨ ਹਜ਼ਾਰ ਹਾਥੀ ਸੁਸ਼ੋਭਿਤ ਹਨ। ਵਪਾਰੀਆਂ ਤੇ ਨੌਕਰਾਂ ਚਾਕਰਾਂ ਦੇ ਤੰਬੂ ਵੱਖਰੇ। ਅੱਗੇ ਹੋਰ ਢਾਈ ਸੌ ਬਜ਼ਾਰਾਂ ਦਾ ਜਮਘਟਾ ੨੫-੩੦ ਮੀਲਾਂ ਤਕ ਫੈਲਿਆ ਹੋਇਆ ਹੈ।' (*ਔਰੰਗਜ਼ੇਬ*—ਲੇਨਪੂਲ, ਪੰਨਾ ੧੯੧), ਇਹ ਦਸ ਸਾਲ ਪਹਿਲੇ ਦੀ ਗੱਲ ਸੀ। ੧੭੦੫ ਈ: ਤਕ ਪਤਾ ਨਹੀਂ, ਇਸ ਵਿਚ ਕੀ ਕੀ ਵਾਧਾ

ਹੋ ਚੁੱਕਾ ਸੀ। ਪਰ ਗੁਰੂ ਸਾਹਿਬ ਦੀ ਚੜ੍ਹਦੀ ਕਲਾ ਇਨ੍ਹਾਂ ਚੀਜ਼ਾਂ ਦੀ ਮੁਥਾਜ ਨਹੀਂ ਸੀ, ਉਹ ਆਪਣੇ ਆਤਮਕ ਜਲਾਲ ਕਰਕੇ ਹੀ ਇਤਨੇ ਪ੍ਰਭੁਤਾਵਾਨ ਸਨ ਕਿ ਜਿਥੇ ਬੈਠਦੇ, ਉਥੇ ਹੀ ਗੁਲਜ਼ਾਰ ਲਾ ਦਿੰਦੇ। ਜਿਵੇਂ ਬਾਬਰ ਦੇ ਹਮਲੇ ਸਮੇਂ ਗੁਰੂ ਨਾਨਕ ਭਾਈ ਲਾਲੋ ਦੀ ਝੌਂਪੜੀ ਵਿਚ ਬਿਰਾਜਮਾਨ ਸਨ ਤੇ ਕਾਬਲ ਤੋਂ ਉੱਠੀ ਅੰਨ੍ਹੇਰੀ ਤੋਂ ਦੇਸ ਨੂੰ ਸਾਵਧਾਨ ਕਰ ਰਹੇ ਸਨ, ਤਿਵੇਂ ਗੁਰੂ ਕਲਗੀਧਰ ਭਾਈ ਦੇਸਾ ਸਿੰਘ ਤਖਣੇਟੇ ਦੇ ਗ਼ਰੀਬਖ਼ਾਨੇ ਵਿਚ ਬੈਠੇ ਮਹੱਲਾਂ ਵਾਲਿਆਂ ਨੂੰ ਵੰਗਾਰ ਰਹੇ ਸਨ। ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਕਾਂਗੜ ਦੇ ਚੌਧਰੀਆਂ ਦੀ ਪ੍ਰਾਹੁਣਚਾਰੀ ਪਰਵਾਨ ਨਹੀਂ ਸੀ ਕੀਤੀ, ਭਾਵੇਂ ਰਾਇ ਸ਼ਮੀਰ ਗੁਰੂ ਜੀ ਲਈ ਬਹੁਤ ਆਦਰ-ਭਾਵ ਰੱਖਦਾ ਸੀ ਪਰ ਆਪ ਨੇ ਦੇਸਾ ਸਿੰਘ ਦੇ ਕੱਚੇ ਚੁਬਾਰੇ ਨੂੰ ਹੀ ਭਾਗ ਲਾਇਆ ਤੇ ਇਥੇ ਗੁਪਤਵਾਸ ਕਰ ਕੇ ਹੀ ਜ਼ਫ਼ਰਨਾਮਾ ਲਿਖਿਆ। ਇਹ ਗੁਰੂ ਵਿਅਕਤਿੱਤਵ ਦੀ ਵਿਲੱਖਣਤਾ ਹੈ ਕਿ ਉਹ ਥਾਂ ਥਾਂ ਗ਼ਰੀਬ ਨਿਵਾਜ਼ ਹੋ ਕੇ ਵਿਚਰਦਾ ਤੇ ਚੜ੍ਹਦੀ ਕਲਾ ਦਾ ਸੰਦੇਸ਼ਾ ਦਿੰਦਾ ਹੈ। ਜ਼ਫ਼ਰਨਾਮਾ ਚੜ੍ਹਦੀ ਕਲਾ ਦਾ ਸਿਖ਼ਰ ਹੈ। ਇਹ ਸ਼ੇਰ ਦੀ ਉਹ ਭਬਕ ਹੈ, ਜੋ ਖ਼ੁਦਾ-ਪ੍ਰਸਤੀ, ਖ਼ੁਦਦਾਰੀ ਤੇ ਈਮਾਨਦਾਰੀ ਦਾ ਸਬਕ ਦਿੰਦੀ ਹੈ।

੨੦-੨੫ ਸਾਲ ਹੋਏ ਜਦ ਕਿ ਮੈਂ (੧੯੬੪ ਈ: ਵਿਚ) ਜ਼ਫ਼ਰਨਾਮੇ ਦੀ ਅਰਥ-ਵਿਆਖਿਆ ਕੀਤੀ ਸੀ ਤੇ ਪੰਜਾਬ ਸਰਕਾਰ ਨੇ ਇਸ ਨੂੰ ਹਿੰਦੀ, ਪੰਜਾਬੀ ਵਿਚ ਛਾਪਿਆ ਸੀ, ਪਰ ਇਸ ਵਿਚ ਕੁਝ ਕੁ ਊਣਤਾਈਆਂ ਸਨ ਤੇ ਖ਼ਾਸ ਕਰ ਕੇ ੫੮, ੫੯, ੬੦, ੬੧ ਨੰਬਰ ਦੇ ਸ਼ਿਅਰਾਂ ਦੇ ਅਰਥ ਮੈਂ ਵੀ ਉਸੇ ਤਰ੍ਹਾਂ ਕਰ ਦਿੱਤੇ ਸਨ, ਜਿਵੇਂ ਕਿ ਪਹਿਲੇ ਟੀਕਾਕਾਰਾਂ ਕੀਤੇ, ਪਰੰਤੂ ਭਾਈ ਰਣਧੀਰ ਸਿੰਘ ਵਰਗੇ ਇਤਿਹਾਸ-ਖੋਜੀਆਂ ਨਾਲ ਵਿਚਾਰ-ਵਟਾਂਦਰੇ ਉਪਰੰਤ ਪਤਾ ਲੱਗਾ ਕਿ ਇਹ ਅਰਥ ਪ੍ਰਸੰਗ ਅਨੁਸਾਰ ਸਹੀ ਨਹੀਂ, ਇਹ ਤਾਂ ਸਤਿਗੁਰਾਂ ਬਾਦਸ਼ਾਹ ਦੀ ਗਿਆਤ ਲਈ ਇਕ ਤਰ੍ਹਾਂ ਇਕਰਾਰਨਾਮੇ ਦੀਆਂ ਉਹ ਸਰਕਾਰੀ ਸ਼ਰਤਾਂ ਹੀ ਛੰਦਬੱਧ ਕਰ ਕੇ ਭੇਜੀਆਂ ਸਨ। ਇਹ ਨੁਕਤਾ ਸਾਹਮਣੇ ਨਾ ਆਉਣ ਕਰਕੇ ਹਰ ਟੀਕਾਕਾਰ ਨੇ ਔਖੇ ਹੋ ਕੇ ਵੱਖ ਵੱਖ ਅਰਥ ਕੀਤੇ ਤੇ ਕਈਆਂ ਨੇ ਕੁਝ ਸ਼ਿਅਰ ਛੱਡ ਵੀ ਦਿੱਤੇ ਸਨ ਤੇ ਕਈਆਂ ਗਿਣਤੀ ਪੂਰੀ ਕਰਨ ਲਈ ਅੱਠਵੀਂ ਹਕਾਯਤ ਵਿਚੋਂ 'ਕੁਜਾ ਸ਼ਾਹ ਕੈ ਖ਼ੁਸਰੋ .....' ਆਦਿ ਚਾਰ ਸ਼ਿਅਰ ਇਥੇ ਪਾ ਦਿੱਤੇ

ਸਨ। ਇਸ ਲੰਮੇ ਅਰਸੇ ਵਿਚ ਕੁਝ ਹੋਰ ਇਤਿਹਾਸਕ ਸਮੱਗਰੀ ਵੀ ਦ੍ਰਿਸ਼ਟੀਗੋਚਰ ਹੋਈ, ਜਿਸ ਨੂੰ ਅੱਗੇ ਭੂਮਿਕਾ (ਜ਼ਫ਼ਰਨਾਮੇ ਦੀ ਵਿਥਿਆ) ਵਿਚ ਵਿਸਥਾਰ ਨਾਲ ਵਿਚਾਰਿਆ ਗਿਆ ਹੈ।

ਜ਼ਫ਼ਰਨਾਮੇ ਤੋਂ ਬਿਨਾ ਪੰਜ ਹੋਰ ਨਾਮੇ ਸ਼ਾਮਲ ਕੀਤੇ ਗਏ ਹਨ, ਗੁਰੂ ਜੀ ਦਾ ਅਟੱਲ ਅਕਾਲੀ ਵਿਸ਼ਵਾਸ ਦੱਸਣ ਲਈ ਤੇ ਉਸ ਸਮੇਂ ਦੇ ਹਾਲਾਤ ਦੱਸਣ ਲਈ। ਜ਼ਫ਼ਰਨਾਮਾ ਤੇ ਸਾਕੀਨਾਮਾ ਦੇ ਛੰਦ ਦਸਮ ਗ੍ਰੰਥ ਵਿਚੋਂ ਲਏ ਗਏ ਹਨ ਅਤੇ ਬਾਕੀ ਤਿੰਨ ਜੰਗਨਾਮਾ, ਸਫ਼ਰਨਾਮਾ ਤੇ ਅਮਰਨਾਮਾ ਸਮਕਾਲੀ ਲਿਖਤਾਂ ਹਨ, ਜੋ ਉਸ ਸਮੇਂ 'ਤੇ ਚਾਨਣ ਪਾਉਂਦੀਆਂ ਹਨ। ਉਮੀਦ ਹੈ ਕਿ ਇਤਿਹਾਸ ਦੇ ਪਾਠਕ ਇਸ ਨਵੀਂ ਖੋਜ ਤੇ ਚਰਚਾ ਨੂੰ ਉਚਿਤ ਥਾਂ ਦੇਣਗੇ।

ਪਟਿਆਲਾ **ਪਿਆਰਾ ਸਿੰਘ ਪਦਮ**
੧੪ ਜਨਵਰੀ ੧੯੯੯
**ਦਸਮੇਸ਼ ਪ੍ਰਕਾਸ਼-ਦਿਵਸ**



ੴ

*ਭੂਮਿਕਾ—*

# ਜ਼ਫ਼ਰਨਾਮੇ ਦੀ ਵਿਥਿਆ

ਜ਼ਫ਼ਰਨਾਮੇ ਦੀ ਵਿਥਿਆ ਦਾ ਪਿਛੋਕੜ ਜਾਣਨ ਲਈ ਜ਼ਰੂਰੀ ਹੈ ਕਿ ਪਹਿਲੇ ਗੁਰੂ ਸਾਹਿਬਾਨ ਤੇ ਮੁਗ਼ਲ ਬਾਦਸ਼ਾਹਾਂ ਦੇ ਸੰਬੰਧਾਂ ਵੱਲ ਪੰਛੀ-ਝਾਤ ਪਾਈ ਜਾਵੇ। ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਜਾਬਰ ਹਮਲੇ ਨੂੰ 'ਪਾਪ ਕੀ ਜੰਞ' ਦੱਸਿਆ ਹੈ, ਜਿਸ ਵਿਚ 'ਰੱਤ ਕਾ ਕੁੰਗੂ' ਡੁਲ੍ਹਦਾ ਤੇ ਸ਼ਰਮ ਧਰਮ ਦੀ ਹਸਤੀ ਨੇਸਤੋਨਾਬੂਦ ਹੁੰਦੀ ਦਿਖਾਈ ਹੈ। ਐਸੇ ਰੱਤ-ਪੀਣੇ ਬਿਦੇਸ਼ੀ ਹਮਲਾਵਰ ਨੂੰ ਗੁਰੂ ਸਾਹਿਬ ਸੱਤ ਪੁਸ਼ਤਾਂ ਰਾਜ ਕਰਨ ਦਾ ਵਰਦਾਨ ਕਿਵੇਂ ਦੇ ਸਕਦੇ ਹਨ ? ਇਹ ਸਭ ਪਿੱਛੋਂ ਦੇ ਸਾਖੀਕਾਰਾਂ ਦੀ ਕਪੋਲ ਕਲਪਨਾ ਹੈ। ਇਹ ਤਾਂ ਠੀਕ ਹੈ ਕਿ ਬਾਬਰ ਨੇ ਗੁਰੂ ਸਾਹਿਬ ਨੂੰ ਦਰਵੇਸ਼ ਜਾਣ ਕੇ ਖ਼ਿਦਮਤ ਪੇਸ਼ ਕੀਤੀ ਤੇ ਕਿਹਾ, ਜੋ ਆਗਿਆ ਕਰੋ ਹਾਜ਼ਰ ਕਰਾਂ; ਪਰੰਤੂ ਗੁਰੂ ਸਾਹਿਬ ਸ੍ਵੈ-ਮਾਨ-ਪੂਰਨ ਮਹਾਂਪੁਰਖ ਸਨ, ਉਨ੍ਹਾਂ ਸਾਫ਼ ਇਨਕਾਰ ਕਰਦਿਆਂ ਕਿਹਾ, ਜੋ ਜਨਮਾਂ-ਜਨਮਾਂ ਦਾ ਭੁੱਖਾ ਕਾਬਲ ਤੋਂ ਲੋਕਾਂ ਨੂੰ ਲੁੱਟਦਾ ਆ ਰਿਹਾ ਹੈ, ਉਹ ਫ਼ਕੀਰ ਨੂੰ ਕੀ ਦੇ ਸਕੇਗਾ ?

**ਕਹੁ ਨਾਨਕ ਸੁਣ ਬਾਬਰ ਮੀਰ !**
**ਤੁਝ ਸੇ ਮਾਂਗਹਿ ਸੋ ਅਹਿਮਕ ਫ਼ਕੀਰ।**

*—ਜਨਮਸਾਖੀ, ਭਾਈ ਬਾਲਾ*

ਇਹ ਠੀਕ ਹੈ ਕਿ ਤੇਗ਼ ਦੇ ਜ਼ੋਰ ਨਾਲ ਬਾਬਰ ਨੇ ਮੁਗ਼ਲ ਸਲਤਨਤ ਦੀ ਬੁਨਿਆਦ ਰੱਖੀ, ਪਰ ਉਸੇ ਸਮੇਂ ਗੁਰੂ ਨਾਨਕ ਸਾਹਿਬ ਆਪਣੀ ਵੱਖਰੀ

ਤਰ੍ਹਾਂ ਦੀ ਰੂਹਾਨੀ ਸਲਤਨਤ ਦੀ ਸਥਾਪਨਾ ਕਰ ਰਹੇ ਸਨ, ਜੋ ਸਮਾਜ ਤੇ ਰਾਜ ਵਿਚ ਕ੍ਰਾਂਤੀ ਲਿਆਉਣ ਦੇ ਸਮਰੱਥ ਸੀ। ਫ਼ਰਕ ਇਤਨਾ ਸੀ ਕਿ ਮੁਗ਼ਲ ਹਕੂਮਤ ਤੋਪ ਤਲਵਾਰ ਦੀ ਮਾਰੋ-ਮਾਰ ਨਾਲ ਰੱਖੀ ਜਾ ਰਹੀ ਸੀ ਤੇ ਗੁਰੂ ਸਾਹਿਬ ਦੀ ਸਲਤਨਤ ਰਬਾਬ ਦੀ ਰੂਹਾਨੀ ਝਨਕਾਰ 'ਤੇ ਆਧਾਰਿਤ ਸੀ। ਭਾਈ ਸੱਤੇ ਨੇ ਠੀਕ ਕਿਹਾ ਹੈ:

**ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵ ਦੈ॥**

*—ਵਾਰ ਰਾਮਕਲੀ*

ਇਸ ਰੂਹਾਨੀ ਹਕੂਮਤ ਦਾ ਮੁੱਖ ਸੰਵਿਧਾਨ ਇਹ ਸੀ ਕਿ ਹਰ ਇਕ ਨੇ ਮਾਲਕ ਦਾ ਧਿਆਨ ਧਰ ਕੇ ਗੁਣ ਗਾਨ ਕਰਨਾ ਹੈ ਤੇ ਕਿਰਤ ਕਮਾਈ ਕਰ ਕੇ ਸਭ ਨਾਲ ਵੰਡ ਕੇ ਖਾਨ ਪਾਨ ਕਰਨਾ ਹੈ। ਇਉਂ ਪੁਰਾਣੇ ਪਲਾਇਨਵਾਦ ਨੂੰ ਪਾਸੇ ਰੱਖ ਕੇ ਕੀਰਤਨ ਤੇ ਕਿਰਤ ਦਾ ਸੰਜੋਗ ਰਚ ਕੇ ਨਵੇਂ ਸਭਿਆਚਾਰ ਦੀ ਸਿਰਜਣਾ ਕਰਨਾ ਇਸ ਦਾ ਮੁੱਖ ਉਦੇਸ਼ ਸੀ। ਵੱਡੇ ਵੱਡੇ ਅਮੀਰਜ਼ਾਦੇ ਜਾਂ ਮਲਕ ਭਾਗੋ ਇਹ ਕੰਮ ਨਹੀਂ ਸੀ ਕਰ ਸਕਦੇ, ਇਹ ਤਾਂ ਗ਼ਰੀਬ ਕਿਰਤੀ ਪੁਰਸ਼ ਹੀ ਸੇਵਕ ਬਣ ਕੇ ਇਸ ਯੱਗ ਨੂੰ ਸੰਪੂਰਨ ਕਰ ਸਕਦੇ ਸਨ, ਇਸੇ ਲਈ ਲਾਲੋ ਵਰਗੇ ਨਿੱਕੇ ਨਿੱਕੇ ਸੇਵਕਾਂ ਨਾਲ ਵੱਡੀਆਂ ਵੱਡੀਆਂ ਗੱਲਾਂ ਕੀਤੀਆਂ ਗਈਆਂ। ਸੇਵਕ ਭਾਵਨਾ ਦੀ ਪਰਖ ਕਰ ਕੇ ਹੀ ਲਹਿਣੇ ਨੂੰ ਅੰਗਦ ਬਣਾ ਕੇ ਗੱਦੀ 'ਤੇ ਬਿਠਾਇਆ ਗਿਆ। ਸ਼ੇਰ ਸ਼ਾਹ ਸੂਰੀ ਦਾ ਭਜਾਇਆ ਹਮਾਯੂੰ ਬਿਆਸਾ ਪਾਰ ਕਰਦਾ ਗੁਰੂ ਦਾ ਅਸ਼ੀਰਵਾਦ ਲੈਣ ਆਇਆ ਪਰ ਬੇਪਰਵਾਹ ਸਤਿਗੁਰੂ ਨੇ ਕੋਈ ਗੌਰ ਨਾ ਕੀਤਾ। ਹਮਾਯੂੰ ਨੂੰ ਕ੍ਰੋਧ ਆ ਗਿਆ ਤੇ ਕ੍ਰੋਧ ਦੇ ਭੜਕਾਏ ਨੇ ਛੇਤੀ ਨਾਲ ਤਲਵਾਰ ਧੂਹ ਲਈ। ਗੁਰੂ ਅੰਗਦ ਬਹੁਤ ਹੱਸੇ ਤੇ ਕਿਹਾ, "ਜਿਥੇ ਇਸ ਤੇਗ਼ ਦੇ ਜੌਹਰ ਦਿਖਾਉਣੇ ਸਨ, ਉਥੋਂ ਤਾਂ ਪਿੱਠ ਦੇ ਆਇਆ ਹੈਂ, ਹੁਣ ਸਾਧੂਆਂ ਫ਼ਕੀਰਾਂ 'ਤੇ ਤਲਵਾਰ ਧੂਹੀ ਹੈ ? ਵਾਹ ਵਾਹ!" ਇਹ ਸ਼ਾਂਤ ਬਚਨ ਕਾਟ ਕਰ ਗਏ ਤੇ ਭੁੱਲਾਂ ਮਾਫ਼ ਕਰਾਉਂਦਾ ਭਗੌੜਾ ਹਮਾਯੂੰ ਆਪਣੇ ਰਾਹ ਪੈ ਗਿਆ। ਅਕਬਰ ਰਵਾਦਾਰੀ ਤੇ ਪ੍ਰੇਮ-ਪਿਆਰ ਦਾ ਹਾਮੀ ਸੀ, ਉਹ ਖ਼ੁਦ ਗੁਰੂ ਅਮਰਦਾਸ ਜੀ ਦੇ ਗੋਇੰਦਵਾਲ ਵਾਲੇ ਸਾਂਝੇ ਲੰਗਰ ਵਿਚ ਬਹਿ ਕੇ ਅਲੂਣਾ ਦਲੀਆ ਖਾ ਕੇ ਗਿਆ ਤੇ ਜਾਂਦਾ ਜਾਂਦਾ ਬੀਬੀ ਭਾਨੀ ਦੇ ਨਾਂ ੧੨ ਪਿੰਡਾਂ ਦਾ ਪਟਾ ਲਿਖ

ਕੇ ਦੇ ਗਿਆ, ਜੋ 'ਗੁਰੂ ਕੋ ਚੱਕ' ਕਰ ਕੇ ਮਸ਼ਹੂਰ ਹੋਇਆ ਤੇ ਇਨ੍ਹਾਂ ਪਿੰਡਾਂ ਦੇ ਵਿਚਕਾਰ ਹੀ ਪਿੱਛੋਂ ਅੰਮ੍ਰਿਤਸਰ ਨਗਰ ਵਸਾਇਆ ਗਿਆ। ਗੁਰੂ ਰਾਮਦਾਸ ਤੇ ਗੁਰੂ ਅਰਜਨ ਸਮੇਂ ਸਿਖ ਲਹਿਰ ਦੇਸ ਵਿਆਪੀ ਹੁੰਦੀ ਗਈ ਤੇ ੨੪ ਨਵੰਬਰ ੧੫੯੮ ਈ: ਨੂੰ ਅਕਬਰਨਾਮੇ ਦੇ ਲਿਖਣ ਅਨੁਸਾਰ ਬਾਦਸ਼ਾਹ ਖ਼ੁਦ ਕਰਤਾਰਪੁਰ ਗੁਰੂ ਸਾਹਿਬ ਦੇ ਡੇਰੇ ਆਇਆ ਤੇ ਸਾਂਝੇ ਧਰਮ-ਮੰਦਿਰ ਤੇ ਸਾਂਝੇ ਧਰਮ-ਗ੍ਰੰਥ ਦੀ ਸਿਰਜਣਾ ਸੁਣ ਕੇ ਬਹੁਤ ਪ੍ਰਸੰਨ ਹੋਇਆ। ੧੬੦੫ ਈ: ਵਿਚ ਅਕਬਰ ਦੇ ਦਿਹਾਂਤ ਪਿੱਛੋਂ ਜਹਾਂਗੀਰ ਗੱਦੀ ਉੱਤੇ ਬੈਠਾ, ਜਿਸ ਨੂੰ ਕੱਟੜ-ਪੰਥੀ ਮੌਲਾਣਿਆਂ ਛੇਤੀ ਹੀ ਵਰਗਲਾ ਲਿਆ। ਨਤੀਜਾ ਇਹ ਹੋਇਆ ਕਿ ਮਈ ੧੬੦੫ ਈ: ਵਿਚ ਉਸ ਗੁਰੂ ਅਰਜਨ ਸਾਹਿਬ ਵਰਗੇ ਹਿੰਦੂਆਂ ਮੁਸਲਮਾਨਾਂ ਦੇ ਹਰਮਨ ਪਿਆਰੇ ਨਾਇਕ ਨੂੰ ਸ਼ਹੀਦ ਕਰਨ ਦਾ ਹੁਕਮ ਜਾਰੀ ਕਰ ਕੇ ਰੰਗ ਵਿਚ ਭੰਗ ਪਾ ਲਿਆ ਤੇ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਦੀ ਲਹਿਰ ਨੂੰ ਬੇਥਵ੍ਹੀ ਤੇ ਬੇਲੋੜੀ ਸੱਟ ਮਾਰੀ। ਨਤੀਜਾ ਇਹ ਹੋਇਆ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਲਈਆਂ। ਇਸ ਦਾ ਸਪੱਸ਼ਟ ਭਾਵ ਇਹ ਸੀ ਕਿ ਇਹ ਲਹਿਰ ਹੁਣ ਕੇਵਲ ਧਾਰਮਿਕ ਸੀਮਾ ਤਕ ਹੀ ਮਹਿਦੂਦ ਨਹੀਂ ਰਹੇਗੀ, ਸਗੋਂ ਸਮਾਜਿਕ ਤੇ ਰਾਜਨੀਤਕ ਵਿਕਾਸ ਲਈ ਵੀ ਸਰਗਰਮੀ ਦਿਖਾਵੇਗੀ। ਖਸ਼ਟਮ ਗੁਰੂ ਨੂੰ ਪੰਜ-ਛੇ ਲੜਾਈਆਂ ਵੀ ਲੜਨੀਆਂ ਪਈਆਂ, ਪਰ ਉਹ ਆਪਣੇ ਉਦੇਸ਼ ਤੋਂ ਪਿੱਛੇ ਨਾ ਹਟੇ। ਗੁਰੂ ਹਰਿ ਰਾਇ ਤੇ ਗੁਰੂ ਹਰਿ ਕ੍ਰਿਸ਼ਨ ਅਤੇ ਗੁਰੂ ਤੇਗ਼ ਬਹਾਦਰ ਇਸ ਲਈ ਜੂਝਦੇ ਰਹੇ ਕਿ ਨਾ ਅਸਾਂ ਭੈਭੀਤ ਹੋਣਾ ਹੈ ਤੇ ਨਾ ਕਿਸੇ ਨੂੰ ਭੈਭੀਤ ਕਰਨਾ ਹੈ। ਸੁਤੰਤਰ ਤੇ ਸ੍ਵੈਮਾਨ-ਪੂਰਨ ਸਿਆਣੇ ਮਨੁੱਖ ਦਾ ਲੱਛਣ ਇਹੋ ਹੈ ਕਿ ਉਹ ਨਿਰਭੈ ਤੇ ਨਿਸੰਗ ਹੋ ਕੇ ਵਿਚਰੇ :

**ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ ॥**
**ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਹਿ ਬਖਾਨਿ ॥੧੬॥**

*—ਸਲੋਕ ਮ: ੯*

ਔਰੰਗਜ਼ੇਬ (੧੬੫੮—੧੭੦੭ ਈ:) ਇਸ ਸੁਤੰਤਰਤਾ ਦਾ ਵਿਰੋਧੀ ਸੀ,

ਉਹ ਹਰ ਵਿਅਕਤੀ ਉੱਤੇ ਆਪਣਾ ਮਜ਼ਹਬੀ ਈਮਾਨ ਤੇ ਇਸਲਾਮੀ ਵਿਧਾਨ ਠੋਸਣਾ ਚਾਹੁੰਦਾ ਸੀ। ਇਸੇ ਕਰਕੇ ਸਰਮਦ ਦੇ ਕਾਤਲ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ੧੧ ਨਵੰਬਰ ੧੬੭੫ ਈ: ਵਿਚ ਦਿੱਲੀ ਬੁਲਾ ਕੇ ਸ਼ਹੀਦ ਕਰਾ ਦਿੱਤਾ। ਧੀਰਮੱਲ ਨੂੰ ਰਣਥੰਭੋਰ ਦੇ ਕਿਲ੍ਹੇ ਵਿਚ ਡੱਕ ਦਿੱਤਾ ਜਿਥੇ ਕਿ ਉਹ ਜ਼ਹਿਰੀਲੀ ਖ਼ੁਰਾਕ ਕਾਰਨ ੧੬ ਨਵੰਬਰ ੧੬੭੭ ਈ: ਨੂੰ ਪ੍ਰਾਣ ਤਿਆਗ ਗਿਆ ਅਤੇ ਫਿਰ ਉਸ ਦੇ ਪੁੱਤਰ ਸ੍ਰੀ ਰਾਮ ਚੰਦ ਨੂੰ ੧੧ ਦਿਨ ਦਿੱਲੀ ਤਸੀਹੇ ਦੇ ਦੇ ਕੇ ੨੪ ਜੁਲਾਈ ੧੬੭੯ ਈ: ਨੂੰ ਸ਼ਹੀਦ ਕਰ ਦਿੱਤਾ ਗਿਆ। ਜਦ ਗੁਰੂ ਗੋਬਿੰਦ ਰਾਇ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਸਿਖਾਂ ਨੂੰ ਖੰਡੇ ਦੀ ਪਾਹੁਲ ਦੇ ਕੇ ਸਿੰਘ ਸਜਾਇਆ ਤੇ ਸ਼ਸਤ੍ਰਧਾਰੀ ਬਣਾ ਕੇ ਜਬਰ ਨਾਲ ਲੋਹਾ ਲੈਣਾ ਸਿਖਾਇਆ। ਸਿਖਾਂ ਦੇ ਆਮ ਵਰਤਾਰੇ ਬਾਰੇ ਸਮਕਾਲੀ ਤਵਾਰੀਖ਼ਦਾਨ ਸੁਜਾਨ ਰਾਇ ਭੰਡਾਰੀ (੧੬੯੫ ਈ:) ਲਿਖਦਾ ਹੈ, "ਇਨ੍ਹਾਂ ਭਾਣੇ ਆਪਣੇ ਪਰਾਏ ਤੇ ਮਿੱਤਰ ਸ਼ੱਤਰੂ ਸਭ ਬਰਾਬਰ ਹਨ, ਇਹ ਦੋਸਤਾਂ ਨਾਲ ਪ੍ਰੇਮ-ਰੰਗ ਤੇ ਦੁਸ਼ਮਣਾਂ ਨਾਲ ਬੇਜੰਗ ਜੀਵਨ ਬਸਰ ਕਰਦੇ ਹਨ।"

ਹੁਣ ਗੁਰੂ ਸਾਹਿਬ ਇਸ ਪ੍ਰੇਮੀ ਸੇਵਕ ਜਥੇ ਨੂੰ 'ਸੁਤੰਤਰ ਸੰਤ-ਸਿਪਾਹੀ ਦਲ' ਬਣਾ ਕੇ ਅੱਗੇ ਤੋਰਨ ਦਾ ਇਰਾਦਾ ਰੱਖਦੇ ਸਨ, ਇਸ ਕਰਕੇ ਉਨ੍ਹਾਂ ਅਨੰਦਪੁਰ ਵਿਚ ਕੇਸਰੀ ਝੰਡਾ ਝੁਲਾਇਆ ਤੇ ਰਣਜੀਤ ਨਗਾਰਾ ਵਜਾਇਆ, ਜੋ ਕਿ ਇਕ ਤਰ੍ਹਾਂ ਸਿੱਧੀ ਬਗ਼ਾਵਤ ਦਾ ਸੂਚਕ ਸੀ, ਕਿਉਂਕਿ ਉਸ ਸਮੇਂ ਸਰਕਾਰੀ ਆਗਿਆ ਬਿਨਾ ਕੋਈ ਝੰਡਾ ਨਹੀਂ ਸੀ ਝੁਲਾ ਸਕਦਾ ਤੇ ਨਾ ਹੀ ਨਗਾਰਾ ਵਜਾ ਸਕਦਾ ਸੀ, ਇਹ ਪ੍ਰਭੂ-ਸੱਤਾ ਦੇ ਪ੍ਰਤੀਕ ਸਨ।

ਇਸ ਤਰ੍ਹਾਂ ਮੀਰੀ ਪੀਰੀ ਦੇ ਸੰਗਮ ਕਾਰਨ ਸਿਖਾਂ ਵਿਚ ਰਾਜਸੀ ਚੇਤਨਾ ਉਭਰਦੀ ਗਈ। ਉਹ ਗੁਰੂ ਨੂੰ ਸੱਚਾ ਪਾਤਸ਼ਾਹ, ਗੁਰਗੱਦੀ ਨੂੰ ਤਖ਼ਤ, ਗੁਰੂ ਦੇ ਪੁੱਤਰਾਂ ਨੂੰ ਸਾਹਿਬਜ਼ਾਦੇ, ਗੁਰੂ ਦੇ ਪੱਤਰਾਂ ਨੂੰ ਹੁਕਮਨਾਮੇ ਤੇ ਸਤਿਗੁਰਾਂ ਦੇ ਪ੍ਰਤੀਨਿਧਾਂ ਨੂੰ ਮਸਨਦ-ਨਸ਼ੀਨ ਜਾਂ ਮਸੰਦ ਕਹਿ ਕੇ ਸਤਿਕਾਰਦੇ ਪਿਆਰਦੇ ਸਨ ਤੇ ਗੁਰੂ-ਘਰ ਨੂੰ ਦਿੱਲੀ ਦਰਬਾਰ ਦੇ ਮੁਕਾਬਲੇ 'ਗੁਰੂ ਕਾ ਦਰਬਾਰ' ਕਹਿ ਕੇ ਯਾਦ ਕਰਦੇ ਸਨ।

ਇਹ ਸਿਖ ਸੰਕੇਤਾਵਲੀ ਦਿੱਲੀ ਲਾਹੌਰ ਦੇ ਮੁਗ਼ਲ ਦਰਬਾਰ 'ਤੇ ਹਾਕਮ

ਜਮਾਤ ਨੂੰ ਚੁਭਦੀ ਸੀ, ਔਰੰਗਜ਼ੇਬ ਬਹੁਤ ਔਖਾ ਹੋਇਆ। ਉਸ ਨੇ ਮੱਘਰ ੧੭੫੦ ਬਿ: (੧੬੯੩ ਈ:) ਵਿਚ ਨਵਾਬ ਸਰਹੰਦ ਨੂੰ ਤਾੜਨਾ ਕੀਤੀ ਕਿ ਨਾਨਕ-ਪ੍ਰਸਤਾਂ ਦੇ ਆਗੂ ਗੋਬਿੰਦ ਰਾਇ ਨੂੰ ਤੰਬੀਹ ਕੀਤੀ ਜਾਵੇ ਕਿ ਉਹ ਆਪਣੇ ਪਾਸ ਨਿੱਤ ਨਿੱਤ ਸਿਖ ਸੰਗਤਾਂ ਇਕੱਠੀਆਂ ਨਾ ਕਰੇ ਤੇ ਬਾਦਸ਼ਾਹਾਂ ਵਾਂਙ ਦਰਬਾਰ ਲਾ ਕੇ ਮੱਥੇ ਨਾ ਟਿਕਾਵੇ ਅਤੇ ਨਾ ਹੀ 'ਸੱਚਾ ਪਾਤਸ਼ਾਹ' ਕਹਾਵੇ। ਜੇ ਉਹ ਇਨ੍ਹਾਂ ਗੱਲਾਂ ਤੋਂ ਬਾਜ਼ ਨਾ ਆਵੇ ਤਾਂ ਉਸ ਨੂੰ ਉਥੋਂ ਖਦੇੜ ਦਿੱਤਾ ਜਾਵੇ। ਇਹ ਗੱਲ ਮੁਹੰਮਦ ਕਾਸਮ ਨੇ *ਇਬਰਤ ਨਾਮੇ* ਵਿਚ ਤੇ ਖ਼ੁਸ਼ਵਕਤ ਰਾਇ ਨੇ *ਤਵਾਰੀਖ਼ੇ ਸਿਖਾਂ* (੧੮੧੧ ਈ:) ਵਿਚ ਅੰਕਿਤ ਕੀਤੀ ਹੈ।

ਇਸ ਤੋਂ ਬਾਅਦ ਬਾਦਸ਼ਾਹ ਨੇ ਅਨੰਦਪੁਰ ਦੀਆਂ ਸ਼ਾਂਤਮਈ ਸਰਗਰਮੀਆਂ ਨੂੰ ਵੀ ਦਬਾਉਣ ਦੀ ਹਰ ਕੋਸ਼ਿਸ਼ ਕੀਤੀ। ਵੱਡੇ ਸ਼ਹਿਜ਼ਾਦੇ ਮੁਹੰਮਦ ਮੁਅੱਜ਼ਮ ਸ਼ਾਹ ਨੂੰ ੧੭੫੩ ਬਿ: ਵਿਚ ਫ਼ੌਜ ਦੇ ਕੇ ਭੇਜਿਆ।

ਫਿਰ ਇਕ ਅਹਦੀਆ ਕੁੰਮਕ ਲੈ ਕੇ ਆਇਆ, ਇਸ ਤੋਂ ਬਾਅਦ ਚਾਰ ਅਹਦੀਏ ਹੋਰ ਆਏ। ਇਸ ਸਭ ਕਾਸੇ ਦਾ ਜ਼ਿਕਰ ਗੁਰੂ ਸਾਹਿਬ ਨੇ ਖ਼ੁਦ ਕੀਤਾ ਹੈ:

**ਤਬ ਅਉਰੰਗ ਮਨ ਮਾਹਿ ਰਿਸਾਵਾ।**
**ਮਦ੍ਰ ਦੇਸ ਕੋ ਪੂਤ ਪਠਾਵਾ।੧।.....**

**ਤਬ ਅਉਰੰਗ ਜੀਯ ਮਾਂਝ ਰਿਸਾਏ।**
**ਏਕ ਅਹਦੀਆ ਈਹਾਂ ਪਠਾਏ।੪।.....**

**ਉਤ ਅਉਰੰਗ ਜੀਅ ਅਧਿਕ ਰਿਸਾਯੋ।**
**ਚਾਰ ਅਹਦੀਅਨ ਅਉਰ ਪਠਾਯੋ।੧੭।.....** —*ਬਚਿਤ੍ਰ ਨਾਟਕ*

ਇਨ੍ਹਾਂ ਬਿਆਨਾਂ ਤੋਂ ਜ਼ਾਹਰ ਹੈ ਕਿ ਬਾਦਸ਼ਾਹ, ਅਨੰਦਪੁਰੀ ਸਰਗਰਮੀਆਂ ਤੋਂ ਬਹੁਤ ਦੁਖੀ ਸੀ। ਕਾਰਨ ਇਹ ਸੀ ਕਿ ਜਿਥੇ ਉਹ ਰਾਜਪੂਤਾਂ, ਜਾਟਾਂ, ਸਤਨਾਮੀਆਂ ਤੇ ਆਮ ਕਾਫ਼ਰਾਂ ਉੱਤੇ ਦਮਨ-ਚੱਕਰ ਚਲਾਈ ਜਾ ਰਿਹਾ ਸੀ, ਉਥੇ ਕੋਈ ਕੁਸਕਦਾ ਤਕ ਨਹੀਂ ਸੀ। ਉਸ ਦੇ ਸਾਰੇ ਹੁਕਮ ਹਿੰਦੂ ਸੰਸਕ੍ਰਿਤੀ

ਤੇ ਧਰਮ ਦੇ ਸਰਬਨਾਸ਼ ਲਈ ਸਨ, ਇਸ ਵਿਚ ਕੋਈ ਲੁਕਾਅ-ਛਿਪਾਅ ਵਾਲੀ ਗੱਲ ਨਹੀਂ ਸੀ।

ਉਹ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਕੇ ਅਤੇ ਵੱਡੇ ਭਾਈ ਦਾਰਾ ਸ਼ਿਕੋਹ ਨੂੰ ਕਤਲ ਕਰਾ ਕੇ ੧੬੫੭ ਈ: ਵਿਚ ਤਖ਼ਤ ਉੱਤੇ ਬੈਠਾ ਸੀ। ਉਸ ਨੇ ਆਪਣੇ ਦਸਵੇਂ ਸਨ ਜਲੂਸ ੧੬੬੭ ਈ: ਵਿਚ ਥਾਨੇਸਰ ਦਾ ਮਹਾਨ ਤੀਰਥ ਮਿੱਟੀ ਨਾਲ ਭਰਵਾ ਦਿੱਤਾ ਤੇ ੧੬੬੮ ਈ: ਵਿਚ ਤੀਰਥ ਯਾਤਰਾ ਕਰਨ ਤੇ ਹਿੰਦੂ ਤਿਉਹਾਰ ਮਨਾਉਣ ਉੱਤੇ ਪਾਬੰਦੀ ਲਾ ਦਿੱਤੀ। ੧੬੬੯ ਈ: ਵਿਚ ਐਸਾ ਫ਼ੁਰਮਾਨ ਜਾਰੀ ਕੀਤਾ, ਜਿਸ ਵਿਚ ਗ਼ੈਰ-ਮੁਸਲਮਾਨਾਂ ਦੇ ਮੰਦਰ ਤੇ ਪਾਠਸ਼ਾਲਾਂ ਢਾਹੁਣ ਦਾ ਆਦੇਸ਼ ਸੀ। ਇਸ ਉੱਤੇ ਪੂਰੇ ਜ਼ੋਰ ਸ਼ੋਰ ਨਾਲ ਅਮਲ ਹੋਇਆ। ਬੜੇ ਬੜੇ ਵਿਸ਼ਾਲ ਮੰਦਰ ਮਿੱਟੀ ਵਿਚ ਮਿਲਾ ਦਿੱਤੇ ਗਏ। ੧੬੭੧ ਈ: ਦੇ ਇਕ ਫ਼ੁਰਮਾਨ ਰਾਹੀਂ ਤਮਾਮ ਹਿੰਦੂ ਮੁਨਸ਼ੀਆਂ, ਮੁਸੱਦੀਆਂ ਨੂੰ ਨੌਕਰੀਓਂ ਜਵਾਬ ਦੇ ਦਿੱਤਾ। ਇਸ ਤਰ੍ਹਾਂ ਹਜ਼ਾਰਾਂ ਸਰਕਾਰੀ ਨੌਕਰ ਬੇਕਾਰ ਕਰ ਕੇ ਘਰੀਂ ਬਿਠਾ ਦਿੱਤੇ। ਫਿਰ ੧੬੭੯ ਈ: ਵਿਚ ਤਮਾਮ ਹਿੰਦੂਆਂ ਉੱਤੇ ਜਜ਼ੀਆ (ਟੈਕਸ) ਲਗਾ ਦਿੱਤਾ ਗਿਆ। ਇਸੇ ਤਰ੍ਹਾਂ ਸਾਹਿਤਕਾਰੀ, ਸੰਗੀਤਕਾਰੀ, ਚਿਤਰਕਾਰੀ ਤੇ ਮੂਰਤੀ ਕਲਾ ਦੇ ਕੰਮਾਂ ਨੂੰ ਸ਼ਰ੍ਹਾ-ਵਿਰੁੱਧ ਕਹਿ ਕੇ ਹੁਕਮੀਆ ਬੰਦ ਕੀਤਾ ਗਿਆ। ੧੬੯੫ ਈ: ਵਿਚ ਇਕ ਨਵਾਂ ਹੁਕਮ ਜਾਰੀ ਹੋਇਆ ਕਿ ਰਾਜਪੂਤਾਂ ਤੋਂ ਬਿਨਾ ਕੋਈ ਹਿੰਦੂ ਤਨ 'ਤੇ ਹਥਿਆਰ ਨਾ ਸਜਾਵੇ ਅਤੇ ਨਾ ਹੀ ਪਾਲਕੀ, ਹਾਥੀ ਜਾਂ ਈਰਾਨੀ ਅਰਬੀ ਘੋੜੇ ਦੀ ਸਵਾਰੀ ਕਰੇ।

ਇਤਿਆਦਿਕ ਫ਼ੁਰਮਾਨਾਂ ਤੋਂ ਪਤਾ ਲੱਗਦਾ ਹੈ ਕਿ ਔਰੰਗਜ਼ੇਬ ਹਿੰਦੂਆਂ ਨਾਲ ਕਿਸ ਤਰ੍ਹਾਂ ਦਾ ਜਾਬਰਾਨਾ ਵਰਤਾਉ ਕਰ ਰਿਹਾ ਸੀ, ਪਰੰਤੂ ਗੁਰੂ ਗੋਬਿੰਦ ਸਿੰਘ ਇਨ੍ਹਾਂ ਸਰਕਾਰੀ ਹੁਕਮਾਂ ਦੀ ਪਰਵਾਹ ਨਾ ਕਰਦੇ ਹੋਏ ਸਿੰਘਾਂ ਨੂੰ ਵਧੀਆ ਘੋੜਿਆਂ, ਹਾਥੀਆਂ ਦੀ ਸਵਾਰੀ ਕਰਨਾ ਸਿਖਾਉਂਦੇ, ਹੋਲਾ ਖਿਡਾਉਂਦੇ, ਸ਼ਸਤ੍ਰ ਪਹਿਨਾਉਂਦੇ, ਝੰਡੇ ਝੁਲਾਉਂਦੇ, ਨਗਾਰੇ ਵਜਾਉਂਦੇ ਤੇ ਚੰਗੇ ਠਾਠ-ਬਾਠ ਨਾਲ ਆਪਣਾ ਦਰਬਾਰ ਲਾਉਂਦੇ ਸਨ ਅਤੇ ਸਾਹਿਤਕ ਤੇ ਸੰਗੀਤ ਕਲਾ ਨੂੰ ਵੀ ਵਿਸ਼ੇਸ਼ ਪ੍ਰੋਤਸਾਹਨ ਦਿੰਦੇ ਸਨ।

ਇਹ ਸਭ ਗੱਲਾਂ ਦਿੱਲੀ ਦਰਬਾਰ ਤਕ ਪਹੁੰਚੀਆਂ ਤੇ ਔਰੰਗਜ਼ੇਬ ਨੂੰ ਇਨ੍ਹਾਂ

ਦੀ ਇਤਲਾਹ ਦੱਖਣ ਵਿਚ ਮਿਲੀ ਕਿਉਂਕਿ ਉਹ ੧੬੮੧ ਈ: ਵਿਚ ਦਿੱਲੀ ਛੱਡ ਕੇ ਦੱਖਣ ਦੇ ਸ਼ੀਆ ਬਾਦਸ਼ਾਹਾਂ ਨੂੰ ਜ਼ੇਰ ਕਰਨ ਲਈ ਉਧਰ ਛਾਉਣੀ ਪਾਈ ਬੈਠਾ ਸੀ ਤੇ ਮਰਨ ਤਕ ਉਧਰ ਹੀ ਰਿਹਾ। ਉਥੋਂ ਹੀ ਉਸ ਨੇ ਅਨੰਦਪੁਰ ਨੂੰ ਘੇਰਾ ਪਾ ਕੇ ਸਭ ਕੁਝ ਮਲੀਆਮੇਟ ਕਰਨ ਦੇ ਹੁਕਮ ਚੜ੍ਹਾਏ। ਪਹਿਲੇ ਅਬੁ ਨੁਸਾਰ ਖ਼ਾਂ ਲਾਹੌਰ ਦਾ ਸੂਬੇਦਾਰ ਸੀ, ਉਸ ਨੇ ਪੰਜਾਬ ਵਿਚ ਬਹੁਤ ਜ਼ੁਲਮ ਕੀਤੇ, ਫਿਰ ਇਬਰਾਹੀਮ ਖ਼ਾਂ ਸੂਬੇਦਾਰ ਬਣ ਕੇ ਆਇਆ ਤੇ ਇਸ ਦੇ ਪੁੱਤਰ ਜ਼ਬਰਦਸਤ ਖ਼ਾਂ ਨੂੰ ਨਾਇਬ ਸੂਬੇਦਾਰ ਥਾਪਿਆ ਗਿਆ। ੧੭੫੭ ਬਿ: ਅਰਥਾਤ ੧੭੦੦ ਈ: ਵਿਚ ਜ਼ਬਰਦਸਤ ਖ਼ਾਂ ਨੂੰ ਤਰੱਕੀ ਦੇ ਕੇ ਸੂਬੇਦਾਰ ਬਣਾ ਦਿੱਤਾ ਤੇ ਇਸੇ ਦੇ ਅਹਦ ਵਿਚ ਅਨੰਦਪੁਰ ਉੱਤੇ ਸਾਰੇ ਧਾਵੇ ਹੋਏ। ਚਾਰ-ਪੰਜ ਸਾਲ ਇਹ ਛੇੜ-ਛਾੜ ਚੱਲਦੀ ਰਹੀ, ਜੇਠ ੧੭੬੨ ਬਿ: ਤੋਂ ਐਸਾ ਘੇਰਾ ਪਾਇਆ ਗਿਆ ਕਿ ਅਨੰਦਪੁਰ ਨਗਰ ਅੰਦਰ ਅੰਨ-ਪਾਣੀ ਜਾਣਾ ਬੰਦ ਕਰ ਦਿੱਤਾ ਗਿਆ। ਅਖ਼ੀਰ ਗੁਰੂ ਸਾਹਿਬ ਨੇ ਬਾਦਸ਼ਾਹ ਨਾਲ ਖ਼ੁਦ ਮੁਲਾਕਾਤ ਕਰਨ ਦਾ ਇਰਾਦਾ ਬਣਾਇਆ ਤਾਕਿ ਉਸ ਦੇ ਸਿਖ-ਲਹਿਰ ਬਾਰੇ ਸ਼ੱਕ ਸ਼ਕੂਕ ਦੂਰ ਕੀਤੇ ਜਾ ਸਕਣ, ਉਸ ਨੂੰ ਦੱਸਿਆ ਜਾਵੇ ਕਿ ਗੁਰੂ ਨਾਨਕ ਦਾ ਮੱਤ ਤੌਹੀਦ ਪ੍ਰਸਤ ਹੈ, ਖ਼ੁਦਾ ਪ੍ਰਸਤ ਹੈ, ਬੁੱਤ ਪ੍ਰਸਤ ਨਹੀਂ; ਇਹ ਹੋਰਾਂ ਵਾਂਙ ਜਾਤ ਪਾਤ ਦੀਆਂ ਵੰਡੀਆਂ ਵੀ ਨਹੀਂ ਪਾਉਂਦਾ ਸਗੋਂ ਸਾਰੀ ਇਨਸਾਨੀਅਤ ਨੂੰ ਇਕ ਸਮਾਨ ਸਮਝਦਾ ਹੈ ਆਦਿ।

ਅੱਗੋਂ ਬਾਦਸ਼ਾਹ ਨੇ ਵੀ ਆਪਣਾ ਏਲਚੀ-ਕਾਜ਼ੀ ਭੇਜ ਕੇ ਤੇ ਖ਼ਤ ਲਿਖ ਕੇ ਗੁਰੂ ਸਾਹਿਬ ਨੂੰ ਆਪਣੇ ਪਾਸ ਬੁਲਾ ਕੇ ਗੱਲ-ਬਾਤ ਕਰਨ ਦਾ ਫ਼ੈਸਲਾ ਕਰ ਲਿਆ ਪਰ ਨਾਲ ਸ਼ਰਤ ਇਹ ਰੱਖ ਦਿੱਤੀ ਕਿ ਤੁਸੀਂ ਅਨੰਦਪੁਰ ਜ਼ਰੂਰ ਛੱਡ ਦਿਓ ਤੇ ਕਾਂਗੜ ਕਸਬੇ ਵਿਚ ਤਸ਼ਰੀਫ਼ ਲੈ ਆਓ, ਫਿਰ ਮੁਲਾਕਾਤ ਦਾ ਵੀ ਪ੍ਰਬੰਧ ਹੋ ਜਾਵੇਗਾ। ਇਸ ਗੱਲ ਦਾ ਪਤਾ ਸਾਨੂੰ ਜ਼ਫ਼ਰਨਾਮੇ ਵਿਚੋਂ ਹੀ ਲੱਗਦਾ ਹੈ, ਜਿਥੇ ਕਿ ਗੁਰੂ ਸਾਹਿਬ ਨੇ ਸਾਫ਼ ਲਿਖਿਆ ਹੈ:

**ਨਵਿਸ਼ਤਾ ਰਸੀਦੋ ਬਿਗੁਫ਼ਤਹ ਜ਼ਬਾਂ**
**ਬਬਾਯਦ ਕਿ ਕਾਰੀਂ ਬਰਾਹਤ ਰਸਾਂ।੫੪।**

ਮੈਨੂੰ ਤੁਹਾਡਾ ਲਿਖਿਆ ਹੋਇਆ ਅਤੇ ਕਾਜ਼ੀ ਰਾਹੀਂ ਜ਼ਬਾਨੀ ਸੁਨੇਹਾ

ਮਿਲਿਆ, ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਸ ਕੰਮ ਨੂੰ ਠੀਕ ਤਰ੍ਹਾਂ ਸਿਰੇ ਚੜ੍ਹਾਓ।

*ਗੁਰੂ ਕੀਆਂ ਸਾਖੀਆਂ* ਤੋਂ ਵੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਅਨੰਦਪੁਰ ਤਿਆਗ ਤੋਂ ਦੋ ਦਿਨ ਪਹਿਲਾਂ ਕਾਜ਼ੀ, ਬਾਦਸ਼ਾਹੀ ਖ਼ਤ ਲੈ ਕੇ ਆਇਆ ਸੀ ਤੇ ਉਸ, ਹਦਾਇਤ ਅਨੁਸਾਰ ਗੁਰੂ ਸਾਹਿਬ ਨੂੰ ਕਈ ਕਿਸਮ ਦੇ ਜ਼ਬਾਨੀ ਭਰੋਸੇ ਵੀ ਦਿਵਾਏ ਸਨ।

ਇਸ ਸਾਰੀ ਕਾਰਗੁਜ਼ਾਰੀ ਵਿਚ ੮੮ ਸਾਲਾ ਬੁੱਢਾ ਬਾਦਸ਼ਾਹ ਕੁਝ ਸੰਜੀਦਾ ਜਾਪਦਾ ਸੀ ਤੇ ਉਸ ਨੇ ਪ੍ਰਬੰਧਕ ਦ੍ਰਿਸ਼ਟੀ ਤੋਂ ਕੁਝ ਤਬਾਦਲੇ ਵੀ ਕੀਤੇ, ਜੋ ਸ਼ਾਇਦ ਗੁਰੂ ਸਾਹਿਬ ਜੀ ਦੀ ਸੰਤੁਸ਼ਟਤਾ ਲਈ ਸਨ। ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਅੱਸੂ ੧੭੬੨ ਬਿ: (ਸਤੰਬਰ ੧੭੦੫) ਵਿਚ ਔਰੰਗਜ਼ੇਬ ਕ੍ਰਿਸ਼ਨਾ ਨਦੀ ਕਿਨਾਰੇ ਦੇਵਾਪੁਰ ਵਿਚ ਡੇਰਾ ਪਾਈ ਬੈਠਾ ਸੀ, ਉਥੋਂ ਹੀ ਉਸ ਨੇ ਜ਼ਬਰਦਸਤ ਖ਼ਾਂ ਸੂਬਾ ਲਾਹੌਰ ਦੀ, ਜੋ ਅਨੰਦਪੁਰ ਘੇਰੇ ਦਾ ਮੋਢੀ ਸੀ, ਅਜਮੇਰ ਬਦਲੀ ਦੇ ਹੁਕਮ ਜਾਰੀ ਕੀਤੇ ਤੇ ਕਾਬਲ ਤੋਂ ਬਦਲ ਕੇ ਮੁਨਇਮ ਖ਼ਾਂ ਨੂੰ ਲਾਹੌਰ ਦਾ ਨਾਇਬ ਸੂਬੇਦਾਰ ਥਾਪਿਆ, ਜੋ ਕਿ ਬੜਾ ਹੀ ਦਰਵੇਸ਼-ਤਬੀਅਤ ਆਦਮੀ ਸੀ। ਲਾਹੌਰ ਦੀ ਸੂਬੇਦਾਰੀ ਆਪਣੇ ਵੱਡੇ ਬੇਟੇ ਮੁਹੰਮਦ ਮੁਅੱਜ਼ਮ ਨੂੰ ਸੌਂਪੀ, ਜੋ ਕਿ ਪਹਿਲਾਂ ਕਾਬਲ, ਮੁਲਤਾਨ ਦਾ ਵੀ ਮੁੱਖ ਪ੍ਰਬੰਧਕ ਸੀ। ਸੋ ਹੁਣ ਨਵੇਂ ਹੁਕਮ ਅਨੁਸਾਰ ਇਹ ਤਿੰਨੇ ਸੂਬੇ (ਕਾਬਲ, ਮੁਲਤਾਨ ਤੇ ਲਾਹੌਰ) ਉਸ ਦੇ ਅਧੀਨ ਕਰ ਦਿੱਤੇ ਗਏ। ਇਕ ਹੋਰ ਅਹਿਮ ਤਬਦੀਲੀ ਜੋ ਕੀਤੀ ਗਈ, ਉਹ ਇਹ ਕਿ ਲੱਖੀ ਜੰਗਲ ਦਾ ਪ੍ਰਬੰਧ ਜਿਸ ਵਿਚ ਕਾਂਗੜ ਦਾ ਤਪਾ ਪੈਂਦਾ ਸੀ, ਉਹ ਲਾਹੌਰ ਦੀ ਥਾਂ ਸੂਬਾ ਮੁਲਤਾਨ ਨਾਲ ਲਾ ਦਿੱਤਾ, ਜਿਥੇ ਕਿ ਔਰੰਗਜ਼ੇਬ ਦਾ ਪੋਤਰਾ ਤੇ ਮੁਅੱਜ਼ਮ ਦਾ ਨੇਕ ਸਪੁੱਤਰ—ਮੁਹੰਮਦ ਮੁਇੱਜ਼ਦੀਨ ਨਾਇਬ ਸੂਬੇਦਾਰ ਸੀ।

ਇਹ ਸਾਰੇ ਹੁਕਮ ਅਜੇ ਪੂਰੀ ਤਰ੍ਹਾਂ ਲਾਗੂ ਨਹੀਂ ਸੀ ਹੋਏ ਕਿਉਂਕਿ ਦੱਖਣ ਤੋਂ ਸ਼ਾਹੀ ਫ਼ੁਰਮਾਨ ਇਧਰ ਪੰਜਾਬ ਪਹੁੰਚਣ ਵਿਚ ਕਾਫ਼ੀ ਸਮਾਂ ਲੱਗ ਜਾਂਦਾ ਸੀ ਤੇ ਦੂਜੇ ਇਥੋਂ ਦੇ ਆਪ-ਹੁਦਰੇ ਅਭਿਮਾਨੀ ਅਹਿਲਕਾਰ ਅਤੇ ਗ਼ੱਦਾਰ ਪਹਾੜੀ ਰਾਜੇ ਇਸ ਆਹਰ ਵਿਚ ਸਨ ਕਿ ਜਿਵੇਂ ਕਿਵੇਂ ਉਭਰਦੀ ਸਿਖ ਸ਼ਕਤੀ ਨੂੰ ਛੇਤੀ ਖ਼ਤਮ ਕਰ ਕੇ ਬਾਦਸ਼ਾਹ ਤੋਂ ਸ਼ਾਬਾਸ਼ ਲਈ ਜਾਵੇ। ਬਹਰਹਾਲ ਇਹ ਤਬਾਦਲੇ ਕਾਫ਼ੀ ਹੱਦ ਤਕ ਗੁਰੂ ਸਾਹਿਬ ਦੀ ਅਨੁਕੂਲਤਾ ਲਈ ਕੀਤੇ ਜਾਪਦੇ ਹਨ, ਹੋ ਸਕਦਾ ਹੈ

ਕਿ ਅੰਦਰੋਂ ਕੋਈ ਗੱਲ ਹੋਰ ਵੀ ਹੋਵੇ। ਕਾਜ਼ੀ ਨੇ ਜੋ ਇਕਰਾਰਨਾਮਾ ਕੁਰਾਨ ਦੀ ਜਿਲਦ ਉੱਤੇ ਲਿਖ ਕੇ ਬਾਦਸ਼ਾਹ ਵੱਲੋਂ ਲਿਆਂਦਾ ਸੀ, ਉਹ ਭਾਵੇਂ ਮੂਲ ਰੂਪ ਵਿਚ ਸਾਡੇ ਪਾਸ ਨਹੀਂ, ਪਰੰਤੂ ਗੁਰੂ ਸਾਹਿਬ ਪਾਸ ਕਾਂਗੜ ਪਹੁੰਚਣ ਵੇਲੇ ਤਕ ਮੌਜੂਦ ਸੀ। ਇਸੇ ਕਰਕੇ ਉਨ੍ਹਾਂ ਜ਼ਫ਼ਰਨਾਮੇ ਵਿਚ ਬਾਦਸ਼ਾਹ ਦੇ ਧਿਆਨ-ਗੋਚਰੇ ਕਰਨ ਲਈ ਉਹ ਸਾਰੀਆਂ ਸ਼ਰਤਾਂ ਚਾਰ ਸ਼ਿਅਰਾਂ ਵਿਚ ਕਲਮਬੰਦ ਕਰ ਕੇ ਉਸ ਨੂੰ ਭੇਜ ਦਿੱਤੀਆਂ ਸਨ। ਉਨ੍ਹਾਂ ਸਾਫ਼ ਲਿਖਿਆ ਹੈ ਕਿ ਜੇਕਰ ਤੁਸੀਂ ਕੁਰਾਨ ਦੀ ਜਿਲਦ ਉੱਤੇ ਲਿਖਿਆ ਉਹ 'ਕਸਮਨਾਮਾ' ਦੇਖਣਾ ਚਾਹੁੰਦੇ ਤਾਂ ਮੈਂ ਤੁਹਾਨੂੰ ਭੇਜ ਦਿੰਦਾ ਹਾਂ :

**ਤੁਰਾ ਗਰ ਬਬਾਯਦ ਆਂ ਕਉਲੇ ਕੁਰਾਂ**
**ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾ।੫੭।**

ਇਸ ਕਸਮਨਾਮੇ ਵਿਚ ਚਾਰ ਮੋਟੀਆਂ ਗੱਲਾਂ ਸਨ :

1. ਤੁਸੀਂ (ਅਨੰਦਪੁਰ ਛੱਡ ਕੇ) ਕਾਂਗੜ ਤਸ਼ਰੀਫ਼ ਲੈ ਜਾਓ, ਇਸ ਪਿੱਛੋਂ ਹੀ ਬਾਦਸ਼ਾਹ ਨਾਲ ਮੁਲਾਕਾਤ ਹੋ ਸਕੇਗੀ।
2. ਤੁਹਾਨੂੰ ਮਾਲਵੇ ਦੇ ਜੰਗਲੀ ਇਲਾਕੇ ਵੱਲ ਆਉਣ ਦਾ ਕੋਈ ਖ਼ਤਰਾ ਨਹੀਂ, ਕਿਉਂਕਿ ਬੈਰਾੜ ਕੌਮ ਸਾਡੇ ਅਧੀਨ ਹੈ।
3. ਜੇ ਤੁਸੀਂ ਇਧਰ ਆ ਹੀ ਜਾਓ ਤਾਂ ਜ਼ਬਾਨੀ ਗੱਲ ਕਰ ਕੇ ਹਮਦਰਦਾਨਾ ਢੰਗ ਨਾਲ ਸਾਰਾ ਮਾਮਲਾ ਨਿਪਟਾ ਲਈਏ।
4. ਇਧਰ ਆਉਣ 'ਤੇ ਤੁਹਾਨੂੰ 'ਯਕ ਅਸਪ' (ਇਕ ਘੋੜਾ ਰੱਖਣ ਦਾ ਹੱਕਦਾਰ ਸਵਾਰ) 'ਇਕ ਹਜ਼ਾਰੀ' ਦਾ ਅਧਿਕਾਰ ਵੀ ਹਾਸਲ ਹੋਵੇਗਾ।

ਇਹ ਚਾਰੇ ਗੱਲਾਂ ਜੋ ਹਕੂਮਤ ਦੀ ਪੇਸ਼ਕਸ਼ ਸਨ, ਇਨ੍ਹਾਂ ਨੂੰ ਹੀ ਸਤਿਗੁਰਾਂ ਹੇਠ-ਲਿਖੇ ਸ਼ਿਅਰਾਂ ਵਿਚ ਕਲਮਬੰਦ ਕਰ ਕੇ ਬਾਦਸ਼ਾਹ ਵੱਲ ਭਿਜਵਾਇਆ ਹੈ :

**ਚਿ ਤਸ਼ਰੀਫ਼ ਦਰ ਕਸਬਹ ਕਾਂਗੜ ਕੁਨਦ**
**ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ।੫੮।**
**ਨ ਜ਼ੱਰਹ ਦਰੀਂ ਰਾਹਿ ਖ਼ਤਰਾ ਤੁਰਾਸਤ**
**ਹਮਹ ਕੌਮਿ ਬੈਰਾੜ ਹੁਕਮੇ ਮਰਾਸਤ।੫੯।**

**ਬਯਾ ਤੁ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ**
**ਬਰੂਇ ਸ਼ੁਮਾ ਮਿਹਰਬਾਨੀ ਕੁਨੇਮ।੬੦।**
**ਯਕੇ ਅਸਪ ਸ਼ਾਇਸਤਏ ਯਕ ਹਜ਼ਾਰ**
**ਬਯਾ ਤਾ ਬਗੀਰੀ ਬ ਮਨ ਈਂ ਦਯਾਰ।੬੧।**

ਆਮ ਟੀਕਾਕਾਰ, ਜੋ ਇਸ ਨੁਕਤੇ ਨੂੰ ਸਮਝ ਨਹੀਂ ਸਕੇ, ਇਥੇ ਉਨ੍ਹਾਂ ਸਾਰੀ ਗੱਲ ਗੁਰੂ ਸਾਹਿਬ ਵੱਲੋਂ ਆਖੀ ਗਈ ਮੰਨੀ ਹੈ, ਪਰ ਅਸਲੀਅਤ ਇਹ ਨਹੀਂ। ਅਸਲ ਗੱਲ ਇਹੋ ਹੈ ਕਿ ਸਤਿਗੁਰਾਂ ਨੇ ਹੋਏ ਇਕਰਾਰਨਾਮੇ ਦੀ ਨਕਲ ਨਾਲ ਭੇਜ ਕੇ ਬਾਦਸ਼ਾਹ ਨੂੰ ਜਾਣੂ ਕਰਾਇਆ ਹੈ। ਜੇ ਦੂਜੀ ਤਰ੍ਹਾਂ ਮੰਨੀਏ ਤਾਂ ਅਰਥ ਕਰਨ ਵਿਚ ਵੀ ਟੀਕਾਕਾਰਾਂ ਨੂੰ ਬੜਾ ਔਖਾ ਹੋਣਾ ਪਿਆ ਹੈ ਤੇ ਉਹ ਅਰਥ ਢੁਕਦੇ ਵੀ ਨਹੀਂ। ਕਈ ਟੀਕਾਕਾਰਾਂ ਨੇ ਇਨ੍ਹਾਂ ਸ਼ਿਅਰਾਂ ਨੂੰ ਆਖੇਪਕ ਕਹਿ ਕੇ ਕੱਢ ਵੀ ਦਿੱਤਾ ਹੈ। ਹਕੀਕਤ ਇਹ ਹੈ ਕਿ ਇਸ ਜ਼ਫ਼ਰਨਾਮੇ ਵਿਚ ਗੁਰੂ ਸਾਹਿਬ ਖ਼ੁਦ ਬਾਦਸ਼ਾਹ ਤੋਂ ਮੁਲਾਕਾਤ ਲਈ ਫ਼ੁਰਮਾਨ ਜਾਰੀ ਕਰਨ ਉੱਤੇ ਜ਼ੋਰ ਦਿੰਦੇ ਹਨ (੬੨, ੬੩), ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਉਹ ਇਸੇ ਚਿੱਠੀ ਵਿਚ ਇਹ ਲਿਖਣ ਕਿ ਤੁਸੀਂ ਕਾਂਗੜ ਕਸਬੇ ਵਿਚ ਤਸ਼ਰੀਫ਼ ਲੈ ਆਓ।

ਦੂਜੀ ਗੱਲ, ਗੁਰੂ ਸਾਹਿਬ ਕਈ ਕਿਸਮ ਦੇ ਕਸ਼ਟ ਝਾਗਦੇ ਕਾਂਗੜ ਨਗਰ ਪਹੁੰਚੇ ਹੀ ਸਨ, ਅਜੇ ਉਨ੍ਹਾਂ ਦਾ ਬੈਰਾੜਾਂ ਨਾਲ ਸੰਪਰਕ ਵੀ ਪੈਦਾ ਨਹੀਂ ਸੀ ਹੋਇਆ। ਰਾਇ ਡੱਲ ਸਿੰਘ ਤੇ ਦਾਨ ਸਿੰਘ ਵਰਗੇ ਬੈਰਾੜ ਪਿੱਛੋਂ ਗੁਰੂ ਜੀ ਦੇ ਸ਼ਰਧਾਲੂ ਬਣੇ। ਸੋ ਇਸ ਹਾਲਤ ਵਿਚ ਗੁਰੂ ਸਾਹਿਬ ਇਹ ਕਿਵੇਂ ਆਖ ਸਕਦੇ ਸਨ ਕਿ ਸਾਰੀ ਬੈਰਾੜ ਕੌਮ ਮੇਰੇ ਹੁਕਮ ਅਧੀਨ ਹੈ। ਇਤਿਹਾਸਕ ਹਕੀਕਤ ਇਹ ਹੈ ਕਿ ਜ਼ਫ਼ਰਨਾਮਾ ਲਿਖਣ ਵੇਲੇ ਤਕ ਬੈਰਾੜ ਸੈਨਿਕ ਵੀ ਭਰਤੀ ਨਹੀਂ ਸੀ ਕੀਤੇ ਗਏ, ਜੋ ਕਿਸੇ ਸਮੇਂ ਤਨਖ਼ਾਹ ਮਿਲਣ ਵਿਚ ਦੇਰੀ ਹੋ ਜਾਣ ਕਾਰਨ ਗੁਰੂ ਸਾਹਿਬ ਦਾ ਰਾਹ ਰੋਕ ਕੇ ਖੜੋ ਗਏ ਸਨ। ਸੋ ਇਹ ਸਾਰੀਆਂ ਗੱਲਾਂ ਪਿੱਛੋਂ ਦੀਆਂ ਹਨ।

ਆਖ਼ਰੀ ਸ਼ਰਤ ਵਿਚ ਗੁਰੂ ਜੀ ਨੂੰ 'ਇਕ ਹਜ਼ਾਰੀ' ਮਨਸਬ ਦੇਣ ਦੀ ਗੱਲ ਵੀ ਆਖੀ ਗਈ ਹੈ, ਜਿਸ ਦਾ ਭਾਵ ਇਹ ਸੀ ਕਿ ਤੁਸੀਂ ਕਾਂਗੜ ਕਸਬੇ

ਵਿਚ ਰਹਿੰਦੇ ਇਕ ਹਜ਼ਾਰ ਘੋੜ-ਸਵਾਰ ਵੀ ਰੱਖ ਸਕਦੇ ਹੋ। ਲੇਕਿਨ ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਸਤਿਗੁਰਾਂ ਇਸ ਨੂੰ ਪਰਵਾਨ ਕਰ ਲਿਆ ਤੇ ਉਹ ਇਸ ਚੀਜ਼ ਦੇ ਅਭਿਲਾਸ਼ੀ ਸਨ। ਗੁਰੂ ਸਾਹਿਬ ਨੇ ਤਾਂ ਕਸਮਨਾਮੇ ਦੀਆਂ ਮੋਟੀਆਂ ਸ਼ਰਤਾਂ ਬਾਦਸ਼ਾਹ ਦੇ ਧਿਆਨ-ਗੋਚਰੇ ਕਰ ਕੇ ਇਹ ਗੱਲ ਦੁਹਰਾਈ ਹੈ ਕਿ ਕਿਥੇ ਤਾਂ ਇਹ ਵਾਅਦੇ ਕੀਤੇ ਗਏ ਸਨ ਤੇ ਕਿਥੇ ਵਿਸਾਹਘਾਤ ਕਰ ਕੇ ਸਾਡੇ ਸਾਰੇ ਪਰਵਾਰ ਤੇ ਸਿਖ ਸੇਵਕਾਂ ਨੂੰ ਮੁਸੀਬਤਾਂ ਦੇ ਮੂੰਹ ਸੁੱਟਿਆ ਗਿਆ ਹੈ। ਐਸਾ ਹੋਣ ਦੇ ਬਾਵਜੂਦ ਵੀ ਗੁਰੂ ਸਾਹਿਬ ਅਕਾਲ ਪੁਰਖ ਦੀ ਓਟ ਰੱਖਦੇ ਹੋਏ ਅੰਤ ਵਿਚ ਇਹ ਕਹਿੰਦੇ ਹਨ ਕਿ ਜਿਸ ਦਾ ਮਾਲਕ ਰਾਖਾ ਹੋਵੇ, ਉਸ ਨੂੰ ਕੋਈ ਮਾਰ ਨਹੀਂ ਸਕਦਾ।

ਕੁਝ ਲੋਕ ਇਸ ਰਾਇ ਦੇ ਵੀ ਹਨ ਕਿ ਭਾਵੇਂ ਬਾਦਸ਼ਾਹ ਵੱਲੋਂ ਲਿਖਤੀ ਤੌਰ 'ਤੇ ਅਤੇ ਜ਼ਬਾਨੀ, ਕਾਜ਼ੀ ਰਾਹੀਂ ਪੂਰਾ ਪੂਰਾ ਵਿਸ਼ਵਾਸ ਦਿਵਾਇਆ ਗਿਆ ਸੀ, ਪਰ ਇਨ੍ਹਾਂ ਗੱਲਾਂ ਨੂੰ ਨਿਭਾਇਆ ਨਾ ਗਿਆ। ਇਤਿਹਾਸ ਦੱਸਦਾ ਹੈ ਕਿ ਔਰੰਗਜ਼ੇਬ ਇਸ ਤਰ੍ਹਾਂ ਦੇ ਝੂਠੇ ਵਾਅਦੇ ਤੇ ਛਲ-ਫ਼ਰੇਬ ਰਾਜਨੀਤਕ ਚਾਲਾਂ ਵਜੋਂ ਆਮ ਕਰ ਲਿਆ ਕਰਦਾ ਸੀ। ਮੁਗ਼ਲ ਦਰਬਾਰ ਦਾ ਭੇਤੀ, ਸਮਕਾਲੀ ਇਤਾਲਵੀ ਲੇਖਕ ਮਨੂਚੀ *ਸਟੋਰੀਆ ਡੋ ਮੋਗਰ* ਵਿਚ ਅਜਿਹੀਆਂ ਬੇਈਮਾਨੀਆਂ ਦਾ ਚਰਚਾ ਆਮ ਕਰਦਾ ਹੈ। ਮਿਸਾਲ ਲਈ ਗੋਲ ਕੁੰਡਾ ਦੇ ਸੁਲਤਾਨ ਨੇ ਔਰੰਗਜ਼ੇਬ ਨੂੰ ਲਿਖ ਕੇ ਭੇਜਿਆ ਕਿ ਮੈਂ ਤੁਹਾਡਾ ਬੰਦਾ ਹਾਂ, ਸੋ ਮੇਰੇ 'ਤੇ ਫ਼ੌਜਕਸ਼ੀ ਕਰਨ ਦੀ ਲੋੜ ਨਹੀਂ। ਅੱਗੋਂ ਬਾਦਸ਼ਾਹ ਨੇ ਸੁਨੇਹਾ ਭੇਜਿਆ ਕਿ ਅਸੀਂ ਕੋਈ ਚੜ੍ਹਾਈ ਨਹੀਂ ਕਰਦੇ, ਅਸੀਂ ਤਾਂ ਗੁਲਬਰਗਾ ਜਾ ਕੇ ਪੀਰਾਂ ਫ਼ਕੀਰਾਂ ਦੇ ਮਜ਼ਾਰਾਂ ਦੀ ਜ਼ਿਆਰਤ ਕਰਨੀ ਹੈ। ਸੁਲਤਾਨ ਵਿਚਾਰੇ ਨੇ ਇਤਬਾਰ ਕਰ ਕੇ ਆਪਣੀ ਫ਼ੌਜ ਵਾਪਸ ਬੁਲਾ ਲਈ। ਲੇਕਿਨ ਬੇਈਮਾਨ ਔਰੰਗਜ਼ੇਬ ਨੇ ਮੁਗ਼ਲ ਫ਼ੌਜ ਚੜ੍ਹਾ ਕੇ ਗੋਲ ਕੁੰਡੇ ਉੱਤੇ ਜਬਰੀ ਕਬਜ਼ਾ ਜਾ ਕੀਤਾ। ਅਜਿਹੀ ਮੱਕਾਰੀ ਨਾਲ ਹੀ ਉਸ ਬੀਜਾਪੁਰ ਦੀ ਰਿਆਸਤ ਹਥਿਆਈ ਸੀ। ਇਸੇ ਕਰਕੇ ਬਰਨੀਅਰ ਨੇ ਆਪਣੇ ਸਫ਼ਰਨਾਮੇ ਵਿਚ ਲਿਖਿਆ ਹੈ ਕਿ ਔਰੰਗਜ਼ੇਬ ਦਾ ਦਿਲ ਖੋਟਾ ਸੀ, ਉਹ ਆਪਣਾ ਭੇਦ ਕਿਸੇ ਨੂੰ ਨਹੀਂ ਸੀ ਦਿੰਦਾ। ਮੱਕਾਰੀ ਤੇ ਛਲ-ਫ਼ਰੇਬ ਵਿਚ ਉਹ ਅਤਿਅੰਤ ਮਾਹਿਰ ਸੀ। ਸੋ ਇਹ ਵੱਡੀ ਗੱਲ ਨਹੀਂ ਕਿ ਸਾਰੀ ਸਾਜ਼ਸ਼

ਬਾਦਸ਼ਾਹ ਦੀ ਸਲਾਹ ਨਾਲ ਹੀ ਬਣੀ ਹੋਵੇ, ਪਰੰਤੂ ਸਤਿਗੁਰਾਂ ਕਾਜ਼ੀ ਦੇ ਕਸਮਨਾਮੇ ਨੂੰ ਠੀਕ ਮੰਨ ਕੇ ਅਨੰਦਪੁਰ ਤਿਆਗਣ ਦਾ ਫ਼ੈਸਲਾ ਕਰ ਲਿਆ।

ਜਦੋਂ ੧੫ ਮੱਘਰ ੧੬੬੨ ਬਿ: ਨੂੰ ਗੁਰੂ ਜੀ ਆਪਣੇ ਪਰਵਾਰ ਤੇ ਸਾਥੀਆਂ ਸਮੇਤ ਬਾਹਰ ਨਿਕਲੇ ਤਾਂ ਸ਼ਾਹੀ ਲਸ਼ਕਰ ਤੇ ਪਹਾੜੀ ਫ਼ੌਜਾਂ ਨੇ ਅਚਾਨਕ ਹਮਲਾ ਕਰ ਦਿੱਤਾ। ਸੁਰੱਖਿਆ ਦੀ ਲੜਾਈ ਲੜਦੇ ਆਪ ਚਮਕੌਰ ਪਿੰਡ ਦੀ ਇਕ ਮਾਮੂਲੀ ਹਵੇਲੀ ਵਿਚ ਜਾ ਕੇ ਆਕੀ ਹੋ ਬੈਠੇ। ਦੁਸ਼ਮਣਾਂ ਇਸ ਕੱਚੀ ਹਵੇਲੀ ਨੂੰ ਘੇਰਾ ਪਾ ਲਿਆ, ਜਿਥੇ ਕਿ ਆਪ ਦੇ ਦੋ ਵੱਡੇ ਸਾਹਿਬਜ਼ਾਦੇ ਤੇ 35-40 ਮੁਖੀ ਸਿਖ ਸਨਮੁਖ ਜੂਝ ਕੇ ਸ਼ਹੀਦੀਆਂ ਪਾ ਗਏ। ਇਸ ਦਾ ਜ਼ਿਕਰ ਜ਼ਫ਼ਰਨਾਮੇ ਵਿਚ ਪੂਰੇ ਵੇਰਵੇ ਨਾਲ ਦਿੱਤਾ ਗਿਆ ਹੈ। ਜੋ ਰਿਪੋਰਟ ਆਪਣੀ ਕਾਰਗੁਜ਼ਾਰੀ ਦੱਸਣ ਲਈ ਜੰਗ ਚਮਕੌਰ ਤੋਂ ਫ਼ੌਰਨ ਬਾਅਦ ਨਵਾਬ ਸਰਹੰਦ ਨੇ ਬਾਦਸ਼ਾਹ ਨੂੰ ਅਹਿਮਦ ਨਗਰ ਭੇਜੀ ਸੀ, ਉਸ ਪੱਤਰ ਦੀ ਵਸੂਲੀ ਬਾਰੇ ਔਰੰਗਜ਼ੇਬ ਦਾ ਮੁਨਸ਼ੀ ਲਿਖਦਾ ਹੈ:

> "ਸ੍ਰੀਮਾਨ (ਭਾਵ ਨਵਾਬ ਸਰਹੰਦ) ਦਾ ਲਿਖਿਆ ਖ਼ਤ ਜਿਸ ਵਿਚ ਨਾਨਕ-ਪ੍ਰਸਤ ਗੋਬਿੰਦ (ਸਿੰਘ) ਦਾ ਸਰਹੰਦ ਤੋਂ ਬਾਰਾਂ ਕੋਹ 'ਤੇ ਆ ਕੇ ਉਤਰਨਾ, ਤੁਸਾਂ ਮੰਗੀ ਗਈ ਮਦਦ ਵਜੋਂ ਸੱਤ ਸੌ ਸਵਾਰ ਤੇ ਸਣੇ ਫ਼ੌਜੀ ਸਾਮਾਨ ਦੇ ਤੋਪਖ਼ਾਨਾ ਭੇਜਣਾ, ਉਸ ਬਿਪਤਾ-ਗ੍ਰਸਤ ਦਾ ਚਮਕੌਰ ਪਿੰਡ ਦੇ ਜ਼ਿਮੀਂਦਾਰ ਦੀ ਹਵੇਲੀ ਵਿਚ ਘੇਰਿਆ ਜਾਣਾ, ਉਸ ਦੇ ਦੋ ਬੇਟਿਆਂ ਅਤੇ ਹੋਰ ਸਾਥੀਆਂ ਦਾ ਮਾਰੇ ਜਾਣਾ, ਉਸ ਦੇ ਇਕ ਪੁੱਤਰ ਤੇ ਮਾਤਾ ਦਾ ਫੜਿਆ ਜਾਣਾ ਅਤੇ ਹੋਰ ਗੱਲਾਂ ਦਰਜ ਹਨ—ਉਹ ਮਿਲ ਗਿਆ ਹੈ।"
>
> "ਨਵਿਸ਼ਤਾ ਸ਼ਰੀਫ਼ ਮੁਸਤਮਿਲ ਬਰਫ਼ਰੋਦ ਆਮਦਨ—ਗੋਬਿੰਦ ਨਾਨਕ ਪ੍ਰਸਤ ਦ੍ਵਾਜ਼ਦਹ ਕ੍ਰੋਹੀਏ ਸੀਰੰਦ, ਵ ਫ਼ਰਿਸਤਾਦਨ ਆਂ ਏਤਜ਼ਾਦੇ ਜਮੀਅਤ ਹਫ਼ਤ ਸਦ ਸਵਾਰ ਬ ਮਸਾਲਾ ਤੋਪਖ਼ਾਨਾ ਵ ਮਹਸੂਰ ਸ਼ੁਦਨ ਆਂ ਮਕਹੂਰ, ਦਰ ਹਵੇਲੀ ਜ਼ਿਮੀਦਾਰ, ਮੌਜ਼ਅ ਚਮਕੌਰ, ਵ ਬ ਕਤਲ ਰਸੀਦਨ ਦੋ ਪਿਸਰ, ਵ ਦੀਗਰ ਰੁਫ਼ਕਾਇ ਓ ਵ ਦਸਤਗੀਰ ਸ਼ੁਦਨ ਯਕ ਪਿਸਰ ਮਾਦਰਸ਼, ਵ ਦੀਗਰ ਮਤਾਲਬ ਰਸੀਦ।"
>
> *—ਅਹਿਕਾਮਿ ਆਲਮਗੀਰੀ, ਮਾਖ਼ਜ਼ੇ ਤ੍ਵਾਰੀਖ਼ੇ ਸਿਖਾਂ, ਪੰਨਾ ੭੮*

ਇਸ ਪੱਤਰ ਤੋਂ ਵੀ ਚਮਕੌਰ ਦੇ ਦਰਦਨਾਕ ਸਾਕੇ ਦੀ ਪੁਸ਼ਟੀ ਹੁੰਦੀ ਹੈ

ਕਿ ਕਿਵੇਂ ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ ਤੇ ਇਕ ਛੋਟਾ ਸਾਹਿਬਜ਼ਾਦਾ (ਫ਼ਤਹਿ ਸਿੰਘ) ਮਾਤਾ ਜੀ ਨਾਲ ਫੜਿਆ ਗਿਆ, ਜ਼ੋਰਾਵਰ ਸਿੰਘ ਸ਼ਾਇਦ ਪਿੱਛੋਂ ਵੱਖਰਾ ਫੜਿਆ ਗਿਆ ਸੀ। ਗੁਰੂ ਸਾਹਿਬ ਅਤੇ ਦੋ ਤਿੰਨ ਸਿਖ ਜਿਵੇਂ ਕਿਵੇਂ ਇਸ ਘੇਰੇ ਵਿਚੋਂ ਨਿਕਲ ਗਏ ਤੇ ਸਭ ਤਰ੍ਹਾਂ ਦੀਆਂ ਮੁਸੀਬਤਾਂ ਝਾਗਦੇ ਆਖ਼ਰ ਕਾਂਗੜ ਦੀਨੇ ਪਹੁੰਚੇ। ਕਾਂਗੜ ਕਸਬਾ ਧਾਲੀਵਾਲ ਜੱਟ ਮਹਰ ਮਿੱਠੇ ਦਾ ਨਗਰ ਸੀ, ਜਿਸ ਦੀ ਪੋਤੀ (ਰਾਇਬੇਗ਼ ਦੀ ਪੁੱਤਰੀ ਸ਼ੰਮੀ) ਅਕਬਰ ਨੂੰ ਪਰਣਾਈ ਗਈ ਸੀ। ਉਸ ਸਮੇਂ ੧੨੦ ਪਿੰਡ ਇਨ੍ਹਾਂ ਦੀ ਜਾਗੀਰ ਸੀ। ਪਿੱਛੋਂ ਇਸ ਦਾ ਪੋਤਰਾ ਰਾਇ ਜੋਧ ਬੜਾ ਸੂਰਮਾ ਹੋਇਆ, ਜੋ ਕਿ ਗੁਰੂ ਹਰਿ ਗੋਬਿੰਦ ਸਾਹਿਬ ਦਾ ਸ਼ਰਧਾਲੂ ਸੇਵਕ ਬਣਿਆ।

ਅਗੋਂ ਰਾਇ ਜੋਧ ਦੇ ਪੋਤਰੇ ਰਾਇ ਸ਼ਮੀਰ, ਲਖਮੀਰ ਤੇ ਤਖ਼ਤ ਮੱਲ ਸਨ, ਰਾਇ ਸ਼ਮੀਰ ਇਸ ਸਮੇਂ ਕਾਂਗੜ ਦਾ ਚੌਧਰੀ ਸੀ। ਮੁਗ਼ਲਾਂ ਨਾਲ ਸਾਕਾਦਾਰੀ ਹੋਣ ਕਰਕੇ ਇਹ ਸਰਕਾਰੀ ਵਿਸ਼ਵਾਸ ਦੇ ਪਾਤਰ ਸਨ ਅਤੇ ਗੁਰੂ-ਘਰ ਨਾਲ ਪ੍ਰੇਮ ਹੋਣ ਕਾਰਨ ਇਹ ਸਤਿਗੁਰਾਂ ਲਈ ਵੀ ਆਦਰ-ਸਨਮਾਨ ਰੱਖਦੇ ਸਨ। ਇਸੇ ਕਰਕੇ ਗੁਰੂ ਸਾਹਿਬ ਦੇ ਟਿਕਾਣੇ ਲਈ 'ਕਾਂਗੜ' ਦੀ ਚੋਣ ਕੀਤੀ ਗਈ ਸੀ, ਕਾਂਗੜ ਕਸਬੇ ਦੇ ਇਕ ਹਿੱਸੇ ਦਾ ਨਾਂ ਦੀਨਾ ਹੈ, ਜਿਥੇ ਕਿ ਗੁਰੂ ਸਾਹਿਬ ਭਾਈ ਦੇਸਾ ਸਿੰਘ ਤਰਖਾਣ ਦੇ ਚੁਬਾਰੇ ਵਿਚ ਦੋ ਤਿੰਨ ਹਫ਼ਤੇ ਠਹਿਰੇ ਸਨ। *ਗੁਰੂ ਕੀਆਂ ਸਾਖੀਆਂ* 'ਚ ਇਥੇ ੨੨ ਪੋਹ ਨੂੰ ਪਹੁੰਚਣਾ ਲਿਖਿਆ ਹੈ, ਜੇ ੧੭ ਮੱਘਰ ਅਨੰਦਪੁਰ ਤਿਆਗ ਦੀ ਤਰੀਕ ਸਹੀ ਮੰਨੀਏ ਤਾਂ ਦੀਨੇ ਅਪੜਨ ਦਾ ਪੋਹ ਮਹੀਨੇ ਦਾ ਪਹਿਲਾ ਹਫ਼ਤਾ ਬਣਦਾ ਹੈ। ਇਥੇ ਬੈਠ ਕੇ ਹੀ ਆਪ ਨੇ ਇਹ ਜ਼ਫ਼ਰਨਾਮਾ ਲਿਖਿਆ, ਜੋ ਕਿ ੧੧੧ ਸ਼ਿਅਰਾਂ ਵਿਚ ਹੈ। ਪਹਿਲੇ ੧੨ ਸ਼ਿਅਰ ਅਕਾਲ ਪੁਰਖ ਦੀ ਉਸਤਤਿ ਦੇ ਮੰਗਲਾਚਰਣ ਰੂਪ ਹਨ ਤੇ ਫਿਰ ੯੯ ਸ਼ਿਅਰਾਂ ਵਿਚ ਆਪ-ਬੀਤੀ ਬਿਆਨ ਕੀਤੀ ਹੈ। ਕਈ ਇਤਿਹਾਸਕਾਰਾਂ ਜ਼ਫ਼ਰਨਾਮੇ ਦੇ ਸ਼ਿਅਰਾਂ ਦੀ ਗਿਣਤੀ ੧੪੦੦ ਲਿਖੀ ਹੈ, ਜਿਵੇਂ ਕਿ ਕੇਸਰ ਸਿੰਘ ਲਿਖਦਾ ਹੈ:

**ਓਥੋਂ ਸਾਹਿਬ ਕਾਂਗੜ ਨੂੰ ਕੂਚ ਕਰ ਗਏ**
**ਉਥੇ ਜਾਇ ਬੈਂਤ ਚਉਦਾਂ ਸੈ ਉਚਰਤੇ ਭਏ।੫੬੩।**

*—ਬੰਸਾਵਲੀਨਾਮਾ, ਦਸਵਾਂ ਚਰਣ*

ਬੂਟੇ ਸ਼ਾਹ ਨੇ *ਤ੍ਵਾਰੀਖ਼ਿ ਪੰਜਾਬ* ਵਿਚ ਵੀ ਇਸੇ ਸੁਣੀ-ਸੁਣਾਈ ਗੱਲ ਨੂੰ ਦੁਹਰਾਇਆ ਹੈ, ਪਰ ਇਹ ਸਭ ਕਥਨ ਅਪ੍ਰਮਾਣਿਕ ਹਨ। ਕੁਝ ਸਿਖ ਲੇਖਕਾਂ ਹਕਾਯਤਾਂ ਨਾਲ ਜੋੜ ਕੇ ਇਹ ਗਿਣਤੀ ੮੬੭ ਦੱਸੀ ਹੈ, ਇਹ ਵੀ ਭੁੱਲ ਹੈ। ਕਾਰਨ ਇਹ ਹੈ ਕਿ ਹਕਾਯਤਾਂ ਫ਼ਾਰਸੀ ਵਿਚ ਹਨ ਤੇ ਦਸਮ ਗ੍ਰੰਥ ਸੰਕਲਨ ਸਮੇਂ ਇਨ੍ਹਾਂ ਨੂੰ ਜ਼ਬਾਨ ਦੀ ਸਾਂਝ ਕਾਰਨ ਜ਼ਫ਼ਰਨਾਮੇ ਦੇ ਨਾਲ ਦਰਜ ਕੀਤਾ ਗਿਆ ਹੈ, ਪਰ ਇਹ ਵੱਖਰੀ ਚੀਜ਼ ਹੈ। ਜ਼ਫ਼ਰਨਾਮਾ ੧੧੧ ਸ਼ਿਅਰਾਂ ਦੀ ਰਚਨਾ ਹੈ, ਇਸ ਵਿਚ ਕੋਈ ਵਾਧ-ਘਾਟ ਨਹੀਂ। ਗੁਰਮੁਖੀ ਵਿਚ ਲਿਖਿਆ ਜਾਣ ਕਾਰਨ ਇਸ ਦੇ ਕੁਝ ਪਾਠ ਜ਼ਰੂਰ ਅਸ਼ੁੱਧ ਹੋ ਗਏ ਹਨ, ਜੋ ਕਿ ਨਕਲ ਕਰਨ ਵਾਲਿਆਂ ਦੀ ਉਕਾਈ ਦਾ ਨਤੀਜਾ ਹੈ। ਵੈਸੇ ਤਮਾਮ ਪੁਰਾਤਨ ਦਸਮ ਗ੍ਰੰਥਾਂ ਦੀਆਂ ਬੀੜਾਂ ਵਿਚ ਇਸ ਦਾ ਪਾਠ ਦਰਜ ਹੈ ਤੇ ਕੁਝ ਕੁ ਬੀੜਾਂ ਵਿਚ ਇਸ ਨੂੰ ਫ਼ਾਰਸੀ ਅੱਖਰਾਂ ਵਿਚ ਵੀ ਲਿਖਿਆ ਗਿਆ ਤੇ ਸਿਰਲੇਖ *ਜੰਗਨਾਮਾ* ਦਿੱਤਾ ਗਿਆ ਹੈ।

ਇਹ ਜ਼ਫ਼ਰਨਾਮੇ ਦੀ ਚਿੱਠੀ ਲੈ ਕੇ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਪਹਿਲੇ ਔਰੰਗਾਬਾਦ ਤੇ ਫਿਰ ਅਹਿਮਦ ਨਗਰ ਗਏ ਸਨ। ਔਰੰਗਾਬਾਦ ਭਾਈ ਜੇਠਾ ਸਿੰਘ ਪਾਸ ਠਹਿਰ ਕੀਤੀ ਸੀ, ਪਰ ਬਾਦਸ਼ਾਹ ਦੇ ਬੀਮਾਰ ਹੋਣ ਕਾਰਨ ਤੇ ਕਈ ਹੋਰ ਰੁਕਾਵਟਾਂ ਕਰਕੇ ਮਿਲ ਨਹੀਂ ਸਨ ਸਕੇ। ਫਿਰ ਭਾਈ ਧਰਮ ਸਿੰਘ ਵਾਪਸ ਦਮਦਮੇ ਸਾਹਿਬ ਆ ਕੇ ਗੁਰੂ ਜੀ ਨੂੰ ਮਿਲੇ ਤਾਂ ਸਤਿਗੁਰਾਂ ਕੋਈ ਵਿਸ਼ੇਸ਼ ਜੁਗਤਿ ਦੱਸ ਕੇ ਦੁਬਾਰਾ ਤੋਰਿਆ। ਨਾਲ ਭਾਈ ਦੇਸਾ ਸਿੰਘ ਨੂੰ ਭੇਜਿਆ। ਉਪਰੰਤ ਪੰਜ ਸਿੰਘ—ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਜੇਠਾ ਸਿੰਘ, ਭਾਈ ਦੇਸਾ ਸਿੰਘ ਤੇ ਭਾਈ ਸ਼ਿਵ ਸਿੰਘ—ਜ਼ਫ਼ਰਨਾਮਾ ਦੇਣ ਗਏ, ਜਿਸ ਨੂੰ ਬਾਦਸ਼ਾਹ ਦੇ ਮੁਨਸ਼ੀ ਨੇ ਵਸੂਲ ਕੀਤਾ ਤੇ ਬਾਦਸ਼ਾਹ ਨੇ ਇਹ ਵੀ ਕਿਹਾ ਕਿ ਮੈਨੂੰ ਉਨ੍ਹਾਂ ਏਲਚੀਆਂ ਨੂੰ ਮਿਲਾਓ, ਜੋ ਕਿ ਇਹ ਖ਼ਤ ਲੈ ਕੇ ਆਏ ਹਨ। *ਸੌ ਸਾਖੀ* ਵਿਚ ਲਿਖਿਆ ਹੈ:

> "ਭਾਈ ਦਯਾ ਸਿੰਘ ਆਦਿ ਨੇ ਫਤਹਿ ਜਾ ਬੁਲਾਈ। 'ਵਾਹਿਗੁਰੂ ਜੀ ਕਾ ਖ਼ਾਲਸਾ', ਸੁਣ ਕੇ ਬਾਦਸ਼ਾਹ ਨੇ ਕਿਹਾ ਕਿ ਮੇਰੀ ਪਾਤਸ਼ਾਹੀ ਵਿਚ 'ਖਾਲਸਾ' ਕਿਉਂ ਪਰਗਟਿਆ, ਕਾਹਲੀ ਕੀਤੀ ਹੈ। ਅਗੋਂ ਭਾਈ ਦਯਾ ਸਿੰਘ ਨੇ ਉੱਤਰ ਦਿੱਤਾ— ਬਾਦਸ਼ਾਹ ਸਲਾਮਤ! ਤੁਸਾਂ ਵੀ ਕਾਹਲੀ ਕੀਤੀ,

ਮਜ਼ਹਬ ਇਕ ਲਗੇ ਕਰਨ, ਮੇਰੇ ਗੁਰੂ ਨੇ ਤੀਸਰਾ ਖੜਾ ਕਰ ਦਿੱਤਾ।"

*—ਸਾਖੀ ੨੮ਵੀਂ*

ਮੁਹੰਮਦ ਲਤੀਫ਼ ਦੇ ਲਿਖਣ ਅਨੁਸਾਰ ਸਰਕਾਰੀ ਵਿਧੀ ਅਨੁਸਾਰ ਭਾਈ ਦਯਾ ਸਿੰਘ ਆਦਿ ਨੂੰ ਸਿਰੋਪਾ ਦੇ ਕੇ ਵਿਦਾ ਕੀਤਾ ਗਿਆ। ਬਾਦਸ਼ਾਹ ਨੇ ਜ਼ਫ਼ਰਨਾਮੇ ਨੂੰ ਬਾਰ-ਬਾਰ ਪੜ੍ਹਿਆ ਤੇ ਉਹ ਇਸ ਦੇ ਅਸਰ ਤੋਂ ਅਭਿੱਜ ਨਾ ਰਹਿ ਸਕਿਆ, ਉਸ ਨੂੰ ਡੂੰਘਾ ਅਹਿਸਾਸ ਹੋਇਆ ਕਿ ਮੇਰੀ ਹਕੂਮਤ ਦੇ ਅਹਿਲਕਾਰਾਂ ਵੱਲੋਂ ਸੱਚਮੁੱਚ ਇਸ ਖ਼ੁਦਾ-ਪ੍ਰਸਤ ਦਰਵੇਸ਼ ਨਾਲ ਜ਼ਿਆਦਤੀ ਹੋਈ ਹੈ, ਇਸ ਦੇ ਚਾਰ ਬੱਚੇ ਹੀ ਨਹੀਂ ਮਾਰ ਮੁਕਾਏ, ਸਗੋਂ ਇਸ ਦਾ ਘਰ-ਘਾਟ ਵੀ ਉਜਾੜ ਦਿੱਤਾ ਗਿਆ ਹੈ। ਜਦੋਂ ਸਰਕਾਰ ਵੱਲੋਂ ਕਸਮਾਂ ਖਾ ਖਾ ਇਕ ਅਹਿਦਨਾਮਾ ਕੀਤਾ ਗਿਆ ਸੀ ਤਾਂ ਇਸ ਨੂੰ ਇਸ ਤਰ੍ਹਾਂ ਬੇਹੂਦਗੀ ਨਾਲ ਤੋੜਨ ਦੀ ਕੀ ਲੋੜ ਸੀ। ਨੱਬੇ ਵਰ੍ਹਿਆਂ ਦਾ ਬੁੱਢਾ ਔਰੰਗਜ਼ੇਬ ਹੁਣ ਉਹ ਔਰੰਗਜ਼ੇਬ ਨਹੀਂ ਸੀ ਰਿਹਾ, ਉਸ ਨੂੰ ਆਪਣੀਆਂ ਪੁਰਾਣੀਆਂ ਗ਼ਲਤੀਆਂ ਬਾਰ-ਬਾਰ ਸਤਾ ਰਹੀਆਂ ਸਨ। ਸੋ ਉਸ ਨੇ ਤਤਕਾਲ ਫ਼ੁਰਮਾਨ ਜਾਰੀ ਕਰ ਕੇ ਗੁਰੂ ਜੀ ਨੂੰ ਮੁਲਾਕਾਤ ਲਈ ਆਪਣੇ ਪਾਸ ਬੁਲਾਇਆ ਤੇ ਇਸ ਬਾਰੇ ਨਾਇਬ ਸੂਬੇਦਾਰ ਲਾਹੌਰ ਤੇ ਨਵਾਬ ਸਰਹੰਦ ਵੱਲ ਉਚੇਚੀਆਂ ਹਦਾਇਤਾਂ ਜਾਰੀ ਕੀਤੀਆਂ ਕਿ ਨਾਨਕ-ਪ੍ਰਸਤਾਂ ਦੇ ਆਗੂ ਗੁਰੂ ਗੋਬਿੰਦ ਸਿੰਘ ਨੂੰ ਸਰਕਾਰੀ ਪ੍ਰਬੰਧ ਹੇਠ ਪੂਰੇ ਆਦਰ ਭਾਵ ਤੇ ਸੁਰੱਖਿਆ ਨਾਲ ਮੇਰੇ ਪਾਸ ਪਹੁੰਚਾਉਣ ਦਾ ਛੇਤੀ ਬੰਦੋਬਸਤ ਕੀਤਾ ਜਾਵੇ।

## *ਸ਼ਾਹੀ ਫ਼ੁਰਮਾਨ*

ਬਾਦਸ਼ਾਹ ਦੇ ਇਹ ਫ਼ੁਰਮਾਨ ਉਨ੍ਹਾਂ ਦੇ ਨਿਜੀ ਮੁਨਸ਼ੀ ਮਿਰਜ਼ਾ ਇਨਾਯਤੁੱਲਾ ਖ਼ਾਂ ਇਸਮੀ ਨੇ *ਅਹਿਕਾਮੇ ਆਲਮਗੀਰੀ* ਵਿਚ ਸੰਕਲਿਤ ਕੀਤੇ ਹਨ ਅਤੇ ਇਹ ਕਲਮੀ ਨੁਸਖ਼ਾ (ਹੱਥ ਲਿਖਤ) ਰਿਆਸਤ ਰਾਮਪੁਰ (ਯੂ.ਪੀ.) ਦੇ ਕੁਤਬਖ਼ਾਨੇ ਵਿਚ ਸੁਰੱਖਿਅਤ ਹੈ ਤੇ ਛਪ ਵੀ ਚੁੱਕਾ ਹੈ।

ਸੰਬੰਧਿਤ ਹਸਬੁਲ ਹੁਕਮਾਂ ਦੀ ਨਕਲ ਅੱਗੇ ਦਿੱਤੀ ਜਾ ਰਹੀ ਹੈ ਜੋ ਕਿ ਅਸਾਂ *ਮਾਖ਼ਜ਼ੇ ਤ੍ਵਾਰੀਖ਼ਿ ਸਿਖਾਂ* (੧੯੪੯) ਵਿਚੋਂ ਲਈ ਹੈ।

"ਦਰੀਂ ਆਯਾਮਿ ਫ਼ੀਰੋਜ਼ੀ ਇਕਤਰਾਨ ਹੁਕਮੇ ਜਹਾਂ ਮਤਾਅ ਨਾਫ਼ਿਜ਼ ਗਸ਼ਤ ਕਿ ਬ ਆਂ ਵਜ਼ਾਰਤਿ ਪਨਾਹ ਕਲਮੀ ਗਰਦਦ—ਕਿ ਗੋਬਿੰਦ—ਰਈਸੇ ਨਾਨਕ-ਪ੍ਰਸਤਾਂ ਅਰਜ਼ਾਦਾਸ਼ਤ ਮੁਤਜ਼ਿਮਨ ਇਰਾਦਾਇ ਆਸਤਾਂ ਬੋਸ ਵਾਲਾ, ਵ ਇਲਤਮਾਸਿ ਸੁਦੂਰ ਮਨਸ਼ੂਰ, ਫ਼ੈਜ਼ਜ਼ਹੂਰ ਮਸਹੂਬਿ ਵਕੀਲ ਬ ਦਰਗਾਹ ਆਸਮਾਂ-ਜਾਹ ਇਰਸਾਲ ਦਾਸ਼ਤਾ ਬੂਦ।
ਫ਼ਜ਼ਲੋ ਕਰਮੇ ਬਾਦਸ਼ਾਹੀ ਊ ਰਾ ਬਇਸਦਾਰੇ ਮਸਾਲੇ ਲਾਜ਼ਮੁਲ ਇਮਤਸਾਲ ਸਰਮਾਯਾ ਅੰਦੋਜ਼ਿ ਫ਼ਖ਼ਰ ਮੁਬਾਹਾਤ ਗਰਦਾਨੀਦ। ਵ ਗੁਰਜਬਰਦਾਰ ਵ ਸ਼ੇਖ਼ ਮੁਹੰਮਦਯਾਰ ਮਨਸਬਦਾਰ ਕਿ ਹਾਮਲਾਨਿ ਯਰਲੀਗ ਮਜ਼ਕੂਰ ਗਰਦੀਦੰ ਕਿ ਫ਼ੁਰਮਾਨ ਮੁਅੱਲਾਸ਼ਾਨ ਬ ਆਂ ਮੁਆਲੀ ਦਸਤਗਾਹ ਬਰਸਾਨੰਦ ਬਾਯਦ ਕਿ ਆਂ ਗਿਰਾਮੀ ਸ਼ਾਨ ਓ ਰਾ ਮੁਸਤਮਾਲ ਗਰਦਾਨੀਦਾ ਪੇਸ਼ਿ ਖ਼ੁਦ ਬ ਤਲਬੰਦ, ਵ ਬਾਅਦ ਈਸਾਲ ਤੌਕੀਏ ਜਹਾਨੀਆਂ, ਮਤੀਅ ਮੁਕੱਰਰ ਨੁਮਾਯੰਦ ਕਿ ਮੋਅਤਮਿਦੇ ਬਸਲੂਕ ਵ ਹੁਸ਼ਯਾਰ ਬਾਸ਼ਦ ਮੁਸਾਰੁਨਇਲੈਹ ਰਾ ਬ ਗੁਰਜਬਰਦਾਰ ਵ ਮਨਸਬਦਾਰ ਮਸਤੂਰ ਬਹਜ਼ੂਰ ਸ ਤਾਊਲਨੂਰ ਬਰਸਾਨੰਦ। ਦਰੀਂ ਅਬਵਾਬ ਅਜ਼ ਪੇਸ਼ਿਗਾਹ ਗਰਦੂੰ ਕਬਾਦ ਤਾਕੀਦ ਮੌਫ਼ੂਰ ਸ਼ਿਨਾਸੰਦ।"

***ਅਰਥ :*** ਇਸ ਸੁਭਾਗ ਸਮੇਂ ਬਾਦਸ਼ਾਹ ਵੱਲੋਂ ਤੁਹਾਡੇ ਵੱਲ ਲਿਖਣ ਦਾ ਹੁਕਮ ਹੋਇਆ ਹੈ ਕਿ ਨਾਨਕ ਪ੍ਰਸਤਾਂ ਦੇ ਰਈਸ ਗੋਬਿੰਦ (ਸਿੰਘ) ਵੱਲੋਂ ਵਕੀਲ ਰਾਹੀਂ ਦਰਬਾਰ ਵਿਚ ਹਾਜ਼ਰ ਹੋਣ 'ਤੇ ਸ਼ਾਹੀ ਫ਼ੁਰਮਾਨ ਹਾਸਲ ਕਰਨ ਦੀ ਮੰਗ ਬਾਰੇ ਉਨ੍ਹਾਂ ਦੀ ਚਿੱਠੀ ਪਹੁੰਚੀ ਸੀ। ਬਾਦਸ਼ਾਹ ਨੇ ਫ਼ੁਰਮਾਨ ਜਾਰੀ ਕਰ ਕੇ ਉਨ੍ਹਾਂ ਨੂੰ ਸਨਮਾਨ ਪ੍ਰਦਾਨ ਕੀਤਾ ਹੈ। ਗੁਰਜਬਰਦਾਰ (ਮੁਹੰਮਦ ਬੇਗ) ਤੇ ਮਨਸਬਦਾਰ ਮੁਹੰਮਦ ਯਾਰ, ਜੋ ਸ਼ਾਹੀ ਫ਼ੁਰਮਾਨ ਲੈ ਕੇ ਤੁਹਾਡੇ ਵੱਲ ਆ ਰਹੇ ਹਨ, ਇਨ੍ਹਾਂ ਨੂੰ ਇਹ 'ਹਸਬੁਲ ਹੁਕਮ' ਆਪ ਜੀ ਤਕ ਪਹੁੰਚਾਉਣ ਦੀ ਤਾਕੀਦ ਕੀਤੀ ਗਈ ਹੈ।

ਤੁਹਾਨੂੰ ਚਾਹੀਦਾ ਹੈ ਕਿ ਉਸ (ਗੋਬਿੰਦ ਸਿੰਘ) ਨੂੰ ਧਰਵਾਸ ਤੇ ਤਸੱਲੀ ਦੇ ਕੇ ਆਪਣੇ ਕੋਲ ਬੁਲਾ ਲਓ ਤੇ ਫ਼ੁਰਮਾਨ ਪਹੁੰਚਣ ਤੋਂ ਪਿੱਛੋਂ ਇਕ ਮਿਲਣਸਾਰ ਸਿਆਣਾ ਇਤਬਾਰੀ ਬੰਦਾ ਨਾਲ ਦੇ ਕੇ, ਗੁਰਜਬਰਦਾਰ ਤੇ ਮਨਸਬਦਾਰ ਦੇ ਨਾਲ ਹੀ ਉਨ੍ਹਾਂ ਨੂੰ ਬਾਦਸ਼ਾਹ ਦੇ ਹਜ਼ੂਰ ਪਹੁੰਚਾਓ। ਇਸ ਸੰਬੰਧੀ ਬਾਦਸ਼ਾਹ

ਸਲਾਮਤ ਵੱਲੋਂ ਅਤਿਅੰਤ ਤਾਕੀਦ ਸਮਝੀ ਜਾਵੇ।

ਇਸੇ ਤਰ੍ਹਾਂ ਦੀ ਹਦਾਇਤ ਬਾਦਸ਼ਾਹ ਵੱਲੋਂ ਨਵਾਬ ਸਰਹੰਦ ਨੂੰ ਵੱਖਰਾ ਮੁਰਾਸਲਾ ਭੇਜ ਕੇ ਕੀਤੀ ਗਈ ਹੈ:

> "ਹਸਬੁਲ ਹੁਕਮ ਗੇਤੀ ਮੁਨਕਾਦ ਨਿਗਾਰਸ਼ ਮੇਯਾਬਦ ਕਿ ਬਾਅਦ ਵਸੂਲਿ ਅਰਜ਼ਦਾਸ਼ਤ ਗੋਬਿੰਦ ਰਈਸੇ ਨਾਨਕ-ਪ੍ਰਸਤਾਂ ਮੁਸ਼ਤਮਿਲ ਬਰ ਇਰਾਦਏ ਇਸਤਿਲਾਮੇ ਅਤਬਏ ਸਿਪਹਰਿ ਇਹਤਿਸ਼ਾਮ ਵ ਇਲਤਮਾਸੇ ਸਦੂਰ ਮਨਸ਼ੂਰ ਫ਼ੈਜ਼ੇ ਜ਼ਹੂਰ ਕਿ ਮਸਹੂਬਿ ਵਕੀਲ ਅਰਸਾਲ ਦਾਸ਼ਤਾ ਬੂਦ, ਫ਼ਜ਼ਲੋ ਕਰਮਿ ਆਰਫ਼ਿ ਆਲ੍ਹਾ ਊਰਾ ਬ ਅਤਾਇ ਫ਼ੁਰਮਾਨੇ ਮੁਅੱਲਾਸ਼ਾਨ ਸਰ ਅਫ਼ਰਾਜ਼ ਸਾਖ਼ਤ, ਵ ਮੁਹੰਮਦ ਬੇਗ ਗੁਰਜਬਰਦਾਰ ਵ ਸ਼ੇਖ਼ ਯਾਰ ਮੁਹੰਮਦ ਮਨਸਬਦਾਰ ਕਿ ਹਾਮਲਾਨਿ ਯਰਲੀਗ ਮਜ਼ਕੂਰ ਬ ਰਸਾਨੀਦਨ ਤੌਕੀਏ ਜਹਾਨੀਆਂ, ਬ ਵਜ਼ਾਰਤ ਪਨਾਹ ਮੁਨਇਮ ਖ਼ਾਂ ਮਾਮੂਰ ਗਰਦੀਦੰਦ ਵ ਬ ਖ਼ਾਨੇ ਮੋਮੀਆਲਾਹ ਹੁਕਮੇ ਵਾਲਾ ਸਾਦਰ ਸ਼ੁਦ ਕਿ ਊਰਾ ਮੁਸ਼ਤਮਲ ਗਰਦਾਨੀਦਾ ਪੇਸ਼ਿ ਖ਼ੁਦ ਬਿ ਤਲਬੰਦ ਵ ਬਾਅਦਿ ਈਸਾਲੇ ਫ਼ੁਰਮਾਨ ਬ ਮੋਅਤਮਦੇ ਖ਼ੁਦ ਵ ਗੁਰਜਬਰਦਾਰ ਵ ਮਨਸਬਦਾਰੇ ਮਸਤੂਰ ਬਦਰਗਾਹਿ ਅਸਮਾਨ ਜਾਹ ਰਵਾਨਾ ਕੁਨੰਦ।
> ਹਰ ਗਾਹ ਗੋਬਿੰਦੇ ਮਰਕੂਮ ਨਿਵਾਹੀਏ ਸੀਰੰਦ ਬਿਰਸਦ ਆਂ ਮੁਆਲੀਏ ਮਰਤਬਦ ਬਦਰਕਾ ਦਾਦਾ ਅਜ਼ ਸਰਹੱਦੇ ਖ਼ੁਦ ਬਿਗੁਜ਼ਾਰਾਨੰਦ। ਵ ਗ਼ਾਇਬਾਨਾ ਯਾ ਬਿਲ ਮੁਸ਼ਫ਼ਾ ਅਗਰ ਵਾਹਮਾ ਮੇਕੁਨੰਦ, ਮੁਸ਼ਤਮਿਲ ਸਾ-ਜ਼ੰਦ ਵ ਅਗਰ ਇਸਤਿਦਾਏ ਖ਼ਰਚੇ ਰਾਹ ਨੁਮਾਯਦ, ਅਜ਼ ਜੁਮਲਾ ਬਕਦਰੇ ਜ਼ਰੂਰ ਨਕਦ ਬਿਦਿਹੰਦ।"

*—ਅਹਿਕਾਮੇ ਆਲਮਗੀਰੀ*

ਇਸ ਲਿਖਤ ਦਾ ਭਾਵ ਅਰਥ ਇਹ ਹੈ ਕਿ ਸੰਸਾਰ-ਪੂਜ ਬਾਦਸ਼ਾਹ ਦੇ ਹੁਕਮ ਅਨੁਸਾਰ ਨਾਨਕ-ਪ੍ਰਸਤਾਂ ਦੇ ਗੁਰੂ ਗੋਬਿੰਦ (ਸਿੰਘ) ਦੀ ਵਕੀਲ ਦੀ ਮਾਰਫ਼ਤ ਅਰਜ਼ੀ ਆਉਣ 'ਤੇ ਬਾਦਸ਼ਾਹ ਨੇ ਫ਼ੁਰਮਾਨ ਜਾਰੀ ਕਰ ਕੇ ਉਨ੍ਹਾਂ ਨੂੰ ਸਨਮਾਨ ਬਖ਼ਸ਼ਿਆ ਹੈ। ਇਹ ਫ਼ੁਰਮਾਨ ਮੁਹੰਮਦ ਬੇਗ ਤੇ ਸ਼ੇਖ਼ ਯਾਰ ਮੁਹੰਮਦ ਰਾਹੀਂ ਵਜ਼ਾਰਤ ਪਨਾਹ ਮੁਨਇਮ ਖ਼ਾਨ ਪਾਸ ਭੇਜ ਕੇ ਹੁਕਮ ਜਾਰੀ ਕੀਤਾ ਗਿਆ

ਹੈ ਕਿ ਉਹ ਉਨ੍ਹਾਂ ਨੂੰ ਰਾਜ਼ੀ ਕਰ ਕੇ ਆਪਣੇ ਪਾਸ ਸੱਦ ਲੈਣ ਤੇ ਫ਼ੁਰਮਾਨ ਹਵਾਲੇ ਕਰ ਦੇਣ। ਇਸ ਪਿੱਛੋਂ ਕੋਈ ਭਰੋਸੇਯੋਗ ਸਾਥੀ ਦੇ ਕੇ ਇਨ੍ਹਾਂ ਦੋਹਾਂ— ਗੁਰਜਬਰਦਾਰ ਤੇ ਮਨਸਬਦਾਰ ਨਾਲ ਹੀ ਉਨ੍ਹਾਂ (ਗੁਰੂ ਗੋਬਿੰਦ ਸਿੰਘ) ਨੂੰ ਬਾਦਸ਼ਾਹ ਪਾਸ ਭੇਜਣ ਦਾ ਪ੍ਰਬੰਧ ਕਰਨ।

ਜਦੋਂ ਗੁਰੂ ਗੋਬਿੰਦ, ਸਰਹੰਦ ਦੀ ਹੱਦ ਲਾਗੇ ਆਵਣ ਤਾਂ ਕੋਈ ਰਹਿਨੁਮਾ ਜਾਣੂ ਬੰਦਾ ਨਾਲ ਦੇ ਕੇ ਇਸ ਉੱਚ ਪਦਵੀ ਵਾਲੇ ਨੂੰ ਆਪਣੇ ਇਲਾਕੇ ਤੋਂ ਅੱਗੇ ਲੰਘਾ ਦੇਣਾ। ਪਿੱਠ ਪਿੱਛੇ ਜਾਂ ਤੁਹਾਡੇ ਸਾਹਮਣੇ, ਉਹ ਜੇ ਕੋਈ ਭਰਮ ਵਹਿਮ ਕਰਨ ਤਾਂ ਤੁਸੀਂ ਉਨ੍ਹਾਂ ਦੀ ਨਿਸ਼ਾ ਕਰਨਾ। ਜੇ ਰਾਹ ਦੇ ਖ਼ਰਚੇ ਦੀ ਮੰਗ ਕਰਨ ਤਾਂ ਉਨ੍ਹਾਂ ਦੇ ਜ਼ਬਤ ਕੀਤੇ ਮਾਲ ਵਿਚੋਂ ਜ਼ਰੂਰਤ ਅਨੁਸਾਰ ਨਕਦ ਦੇ ਦੇਣਾ।

ਇਨ੍ਹਾਂ ਸਰਕਾਰੀ ਲਿਖਤਾਂ ਤੋਂ ਦੋ ਗੱਲਾਂ ਸਪੱਸ਼ਟ ਹੁੰਦੀਆਂ ਹਨ ਕਿ ਗੁਰੂ ਜੀ ਦਾ ਲਿਖਿਆ ਪੱਤਰ ਬਾਦਸ਼ਾਹ ਪਾਸ ਪਹੁੰਚ ਗਿਆ ਸੀ ਤੇ ਉਸ ਦੇ ਆਧਾਰ 'ਤੇ ਉਸ ਨੇ ਗੁਰੂ ਜੀ ਨੂੰ ਮੁਲਾਕਾਤ ਲਈ ਸਾਦਰ ਬੁਲਾਇਆ ਤੇ ਆਪਣੇ ਅਹਿਲਕਾਰਾਂ ਨੂੰ ਤਾਕੀਦ ਕੀਤੀ ਕਿ ਉਨ੍ਹਾਂ ਨੂੰ ਪੂਰੇ ਆਦਰ-ਸਨਮਾਨ ਤੇ ਸੁਰੱਖਿਆ ਨਾਲ ਮੇਰੇ ਪਾਸ ਪਹੁੰਚਾਇਆ ਜਾਵੇ।

## ਦੱਖਣ ਵੱਲ ਕੂਚ

ਇਸ ਵੇਲੇ ਗੁਰੂ ਸਾਹਿਬ ਸਾਬੋ ਕੀ ਤਲਵੰਡੀ ਬਿਰਾਜੇ ਹੋਏ ਇਸ ਸੱਦਾ-ਪੱਤਰ ਦੀ ਉਡੀਕ ਵਿਚ ਸਨ। ਇਹ ਫ਼ੁਰਮਾਨ ਗੁਰੂ ਜੀ ਨੂੰ ਕਿਸ ਤਰੀਕ ਨੂੰ ਮਿਲਿਆ, ਇਸ ਬਾਰੇ ਨਿਸਚੇ ਨਾਲ ਕਹਿਣਾ ਔਖਾ ਹੈ, ਪਰ ਸਾਨੂੰ ਬੈਰਾੜਾਂ ਦੀ ਸੰਗਤ ਦੇ ਨਾਂ ਮਿਤੀ ੨੦ ਕੱਤਕ ੧੭੬੩ ਬਿ: ਨੂੰ ਲਿਖੇ ਹੁਕਮਨਾਮੇ ਤੋਂ ਸਿੱਧ ਹੈ ਕਿ ਆਪ ਨੇ ਇਸੇ ਮਹੀਨੇ ਦਮਦਮਾ ਸਾਹਿਬ ਤੋਂ ਮਾਰਵਾੜ ਦੇ ਰਸਤੇ ਦੱਖਣ ਵੱਲ ਕੂਚ ਕੀਤਾ ਸੀ। ਅਸਲ ਸ਼ਬਦ ਇਉਂ ਹਨ :–

"ਅਸਾਂ ਦਖਣ ਨੋ ਕੂਚੁ ਕੀਤਾ ਹੈ, ਜਿਨਿ ਸਿਖ ਸਾਡੇ ਨਾਲਿ ਚਲਣਾ ਹੋਇ ਤਿਨਿ ਹੁਕਮੁ ਦੇਖਦਿਆਂ ਹਜੂਰਿ ਆਵਣਾ, ਮੇਰੀ ਤੁਸਾਂ ਉਪਰਿ

ਖੁਸ਼ੀ ਹੈ।"

ਜੈਸਾ ਕਿ ਇਤਿਹਾਸ ਤੋਂ ਪ੍ਰਗਟ ਹੈ ਕਿ ਗੁਰੂ ਜੀ ਬਘੌਰ ਪਹੁੰਚੇ ਸਨ, ਜਿਥੇ ਪਤਾ ਲੱਗਾ ਕਿ ੨੫ ਫੱਗਣ ੧੭੬੩ ਬਿ: ਨੂੰ ਔਰੰਗਜ਼ੇਬ ਦਾ ਦੇਹਾਂਤ ਹੋ ਗਿਆ ਹੈ, ਇਸ ਲਈ ਹੁਣ ਅੱਗੇ ਜਾਣ ਦਾ ਕੋਈ ਮੰਤਵ ਨਾ ਰਿਹਾ। ਸਤਿਗੁਰੂ ਦਿੱਲੀ ਪਰਤ ਆਏ। ੮ ਹਾੜ ੧੭੬੪ ਬਿ: ਨੂੰ ਆਗਰੇ ਲਾਗੇ ਜਾਜਉ ਦੀ ਜੰਗ ਹੋਈ, ਜਿਸ ਵਿਚ ਆਜ਼ਮ ਤੇ ਉਸ ਦੇ ਬੇਟੇ ਮਾਰੇ ਗਏ ਅਤੇ ਮੁਅੱਜ਼ਮ ਸ਼ਾਹ ਜਿੱਤ ਗਿਆ, ਜੋ ਬਹਾਦਰ ਸ਼ਾਹ ਨਾਂ ਰੱਖ ਕੇ ਗੱਦੀ ਉੱਤੇ ਬੈਠਾ। ਗੁਰੂ ਸਾਹਿਬ ਨੂੰ ਮੁਲਾਕਾਤ ਲਈ ਬੁਲਾਉਣ ਦਾ ਸਰਕਾਰੀ ਹਲਕਿਆਂ ਨੂੰ ਪਤਾ ਹੀ ਸੀ, ਇਸ ਕਰਕੇ ਵਜ਼ੀਰ ਖ਼ਾਨਿ-ਖ਼ਾਨਾ ਮੁਨਇਮ ਖ਼ਾਂ ਨੇ ਆਪ ਦਾ ਬਹੁਤ ਸਤਿਕਾਰ ਕੀਤਾ ਤੇ ਇਸ ਤੋਂ ਬਾਅਦ ੨੩ ਸਾਵਣ ੧੭੬੪ ਬਿ: ਨੂੰ ਆਗਰੇ ਗੁਰੂ ਜੀ ਦੀ ਬਹਾਦਰ ਸ਼ਾਹ ਨਾਲ ਮੁਲਾਕਾਤ ਹੋਈ, ਜਿਸ ਵਿਚ ਜ਼ਰੂਰੀ ਮਾਮਲੇ ਵਿਚਾਰੇ ਗਏ ਤੇ ਸਤਿਗੁਰਾਂ ਆਪਣੇ ਸਿਖਾਂ ਵੱਲ ੧ ਕੱਤਕ ੧੭੬੪ ਬਿ: ਨੂੰ ਹੁਕਮਨਾਮੇ ਲਿਖੇ। ਵਾਰਤਾਲਾਪ 'ਤੇ ਤਸੱਲੀ ਪ੍ਰਗਟ ਕਰਦਿਆਂ ਇਹ ਵੀ ਲਿਖਿਆ ਕਿ ਅਸੀਂ ਜਲਦੀ ਕਹਿਲੂਰ (ਅਨੰਦਪੁਰ) ਵੱਲ ਪਰਤ ਰਹੇ ਹਾਂ।

ਜਦ ਬਹਾਦਰ ਸ਼ਾਹ ਨੂੰ ਦੱਖਣ ਵੱਲੋਂ ਆਪਣੇ ਭਾਈ ਕਾਮ ਬਖ਼ਸ਼ ਦੀ ਬਗ਼ਾਵਤ ਦੀ ਖ਼ਬਰ ਮਿਲੀ ਤਾਂ ਉਹ ਫਿਰ ਉਧਰ ਤੁਰ ਪਿਆ। ਗੁਰੂ ਸਾਹਿਬ ਵੀ ਮਾਮਲੇ ਦੇ ਨਿਪਟਾਰੇ ਲਈ ਨਾਲ ਹੋ ਗਏ ਤੇ ੧੯ ਸਾਵਣ ੧੭੬੫ ਬਿ: ਨੂੰ ਨਾਦੇੜ ਪੁੱਜ ਗਏ। ੨੨ ਅੱਸੂ ਨੂੰ ਜਮਸ਼ੈਦ ਖ਼ਾਂ ਨੇ ਗੁਰੂ ਜੀ ਦੀ ਵੱਖੀ ਵਿਚ ਖ਼ੰਜਰ ਮਾਰੀ ਤੇ ਕੱਤਕ ਸੁਦੀ ੫, ੬ ਕੱਤਕ ੧੭੬੫ ਬਿ: ਨੂੰ ਆਪ ਜੋਤੀ ਜੋਤਿ ਸਮਾ ਗਏ। ਭਾਣੇ ਦੀ ਐਸੀ ਹੀ ਖੇਡ ਸੀ।

## *ਗੁਰੂ ਜੀ ਦਾ ਫ਼ਾਰਸੀ ਬੋਧ*

ਇਹ ਦੱਸਣ ਦੀ ਲੋੜ ਨਹੀਂ ਕਿ ਮੁਗ਼ਲ ਕਾਲ ਵਿਚ ਫ਼ਾਰਸੀ ਕੇਵਲ ਹਿੰਦ ਦੀ ਸਰਕਾਰੀ ਭਾਸ਼ਾ ਹੀ ਨਹੀਂ, ਸਗੋਂ ਇਹ ਇਕ ਤਰ੍ਹਾਂ ਉਸ ਸਮੇਂ ਦੀ ਸਾਹਿਤਕ ਤੇ ਸਾਂਸਕ੍ਰਿਤਕ ਜ਼ਬਾਨ ਸੀ ਤੇ ਇਸ ਦਾ ਹਰ ਖੇਤਰ ਵਿਚ ਬੋਲ-ਬਾਲਾ

ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਕਾਵਿ-ਰਚਨਾ ਤੋਂ ਪ੍ਰਗਟ ਹੈ ਕਿ ਉਹ ਸੰਸਕ੍ਰਿਤ ਤੇ ਫ਼ਾਰਸੀ ਦੇ ਚੰਗੇ ਗਿਆਤਾ ਸਨ। 'ਆਤਮ-ਕਥਾ' ਵਿਚ ਉਨ੍ਹਾਂ ਸਾਫ਼ ਲਿਖਿਆ ਹੈ ਕਿ ਮੇਰੇ ਪਿਤਾ ਨੇ ਮੈਨੂੰ ਤਰ੍ਹਾਂ ਤਰ੍ਹਾਂ ਦੀ ਸਿਖਿਆ ਦਿਵਾਈ:

**ਦੀਨੀ ਭਾਂਤ ਭਾਂਤ ਕੀ ਸਿਛਾ।**
**ਕੀਨੀ ਅਨਿਕ ਭਾਂਤ ਤਨ ਰਛਾ।** —*ਬਚਿਤ੍ਰ ਨਾਟਕ*

ਆਪ ਦਾ ਜਨਮ ੧੬੬੧ ਈ: ਵਿਚ ਪਟਨੇ ਹੋਇਆ ਸੀ ਤੇ ਪ੍ਰਿਤਪਾਲਣਾ ਆਪ ਦੇ ਮਾਮਾ ਕ੍ਰਿਪਾਲ ਚੰਦ ਅਤੇ ਵਿਦਵਾਨ ਫੁੱਫੜ ਭਾਈ ਸਾਧੂ ਜਨ (ਬੀਬੀ ਵੀਰੋ ਦਾ ਪਤੀ) ਦੀ ਛਤ੍ਰ ਛਾਇਆ ਹੇਠ ਹੋਈ। ੧੬੭੧-੭੨ ਈ: ਵਿਚ ਉਹ ਪੰਜਾਬ ਲਿਆਂਦੇ ਗਏ, ਜਦੋਂ ਕਿ ਉਮਰ ੧੦-੧੧ ਵਰ੍ਹੇ ਸੀ। ਜਾਪਦਾ ਇਹ ਹੈ ਕਿ ਸਮੇਂ ਦੇ ਰਿਵਾਜ ਅਨੁਸਾਰ ਆਪ ਨੇ ਫ਼ਾਰਸੀ ਅਰਬੀ ਦੀ ਮੁੱਢਲੀ ਪੜ੍ਹਾਈ ਪਟਨੇ ਵਿਚ ਹੀ ਕੀਤੀ। ਪੰਜਾਬ ਆ ਕੇ ਅਧਿਐਨ ਹੋਰ ਮੁਕੰਮਲ ਕੀਤਾ। ੧੧ ਨਵੰਬਰ ੧੬੭੫ ਈ: ਨੂੰ ਆਪ ਦੇ ਪਿਤਾ ਗੁਰੂ ਤੇਗ ਬਹਾਦਰ ਦਿੱਲੀ ਸ਼ਹੀਦ ਕੀਤੇ ਗਏ, ਇਸ ਸਮੇਂ ਆਪ ਦੀ ਉਮਰ ਨੌਂ ਸਾਲ ਨਹੀਂ, ਸਗੋਂ ਪੰਦਰਾਂ ਸਾਲ ਦੇ ਲਗਭਗ ਸੀ, ਉਹ ਜੁਆਨੀ ਵਿਚ ਪੈਰ ਰੱਖ ਰਹੇ ਸਨ ਤੇ ਉਦੋਂ ਹਿੰਦੀ ਕਾਵਿ-ਰਚਨਾ ਕਰਨ ਦੀ ਯੋਗਤਾ ਰੱਖਦੇ ਸਨ। ਇਸੇ ਕਰਕੇ ਉਨ੍ਹਾਂ ਆਪਣੇ ਪਿਤਾ ਦੇ ਪਰੀਖਿਆ-ਪੱਤਰ ਦਾ ਇਉਂ ਉੱਤਰ ਦਿੱਤਾ ਸੀ:

**ਬਲੁ ਹੋਆ ਬੰਧਨ ਛੁਟੈ, ਸਭ ਕਿਛੁ ਹੋਤ ਉਪਾਇ।**
**ਸਭ ਕਿਛੁ ਤੁਮਰੈ ਹਾਥਿ ਮਹਿ, ਤੁਮਹੀ ਹੋਇ ਸਹਾਇ।**

ਇਹ ਆਪ ਦੀ ਪਹਿਲੀ ਰਚਨਾ ਸੀ, ਜੋ ਕਿ ਆਤਮ-ਵਿਸ਼ਵਾਸ ਨਾਲ ਭਰਪੂਰ ਸੀ ਤੇ ਸਿਖ ਲਹਿਰ ਦੀ ਚੜ੍ਹਦੀ ਕਲਾ ਦਾ ਭਵਿੱਸ਼ਤ ਮੂਰਤੀਮਾਨ ਕਰਦੀ ਸੀ। ਮਾਲੂਮ ਹੁੰਦਾ ਹੈ ਕਿ ਉਹ ਜੁਆਨੀ ਵਿਚ ਹੀ ਬ੍ਰਿਜ ਭਾਸ਼ਾ ਵਾਂਙ ਫ਼ਾਰਸੀ ਸ਼ਾਇਰੀ ਦਾ ਅਭਿਆਸ ਕਰਨ ਲੱਗ ਪਏ ਸਨ ਤੇ ਇਸੇ ਸਮੇਂ ਉਨ੍ਹਾਂ ਕੁਝ ਕਹਾਣੀਆਂ ਲਿਖੀਆਂ, ਜੋ 'ਹਕਾਯਾਤ' ਕਰਕੇ ਮਸ਼ਹੂਰ ਹਨ। ਇਨ੍ਹਾਂ ਵਿਚ ਛੰਦਾ-ਬੰਦੀ ਦਾ ਬਹਰ ਤਾਂ ਇਕੋ ਹੀ ਤੇ ਵਿਸ਼ਾ ਵੀ ਬੀਰ-ਚਰਿੱਤ੍ਰ ਜਾਂ ਤ੍ਰਿਯਾ

ਚਰਿੱਤ੍ਰ ਹੀ ਹੈ, ਜੋ ਕਿ ਉਦੋਂ ਲੋਕਾਂ ਵਿਚ ਆਮ ਪ੍ਰਚਲਤ ਸੀ।

ਪਰ ਜਦ ਅਸੀਂ ਇਨ੍ਹਾਂ ਹਕਾਯਤਾਂ ਦਾ ਕਥਾ-ਪ੍ਰਸੰਗ ਪਾਸੇ ਰੱਖ ਕੇ ਇਸ ਦੇ ਮੁਢਲੇ ਤੇ ਅੰਤਲੇ ਸ਼ਿਅਰਾਂ ਦਾ ਅਧਿਐਨ ਕਰਦੇ ਹਾਂ ਤਾਂ ਦੋ ਗੱਲਾਂ ਬੜੀਆਂ ਸਪੱਸ਼ਟ ਨਜ਼ਰ ਆਉਂਦੀਆਂ ਹਨ। ਪਹਿਲੀ ਇਹ ਕਿ ਉਨ੍ਹਾਂ ਭਾਵੇਂ ਕੋਈ ਵੀ ਕਿਸੇ ਕਿਸਮ ਦੀ ਕਹਾਣੀ ਲਿਖੀ, ਮੁੱਢ ਵਿਚ ਖ਼ੁਦਾ, ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕੀਤੀ ਹੈ ਤੇ ਅੰਤ ਵਿਚ ਹਰ ਕਹਾਣੀ ਦੇ ਦੋ-ਤਿੰਨ ਸ਼ਿਅਰ ਐਸੇ ਦਿੱਤੇ ਹਨ, ਜਿਸ ਵਿਚ ਆਪਣੇ ਮਾਲਕ ਖ਼ੁਦਾ ਤੋਂ ਉਨ੍ਹਾਂ ਰੂਹਾਨੀ ਸ਼ਕਤੀ ਦਾ ਜਾਮ ਮੰਗਿਆ ਹੈ, ਜਿਸ ਨਾਲ ਮਖ਼ਮੂਰ ਹੋ ਕੇ ਉਹ ਨਿਰਭੈ ਸੂਰਮਿਆਂ ਵਾਂਙ ਜੂਝ ਸਕਣ। ਇਹ ਮੰਗ ਉਹੋ ਹੈ ਜੋ ਉਨ੍ਹਾਂ ਦੀਆਂ ਪ੍ਰਸਿੱਧ ਹਿੰਦੀ ਰਚਨਾਵਾਂ ਦੇ ਅੰਤ ਵਿਚ ਆਮ ਮਿਲਦੀ ਹੈ, ਜਿਵੇਂ ਕਿ *ਚੰਡੀ ਚਰਿਤ੍ਰੋਕਤੀ ਬਿਲਾਸ* ਦਾ ਆਖ਼ਰੀ ਸ੍ਵੈਯਾ ਹੈ:

**ਦੇਹਿ ਸਿਵਾ ! ਬਰ ਮੋਹਿ ਇਹੈ**
**ਸੁ ਸੁਕਰਮਨ ਤੇ ਕਬਹੂੰ ਨ ਟਰੋਂ।**
**ਨ ਡਰੋਂ ਅਰਿ ਸੋ ਜਬ ਜਾਇ ਲਰੋਂ**
**ਨਿਸਚੈ ਕਰਿ ਅਪਨੀ ਜੀਤ ਕਰੌਂ।**

*ਕ੍ਰਿਸ਼ਨਾਵਤਾਰ* ਦੇ ਅੰਤ ਵਿਚ ਦਰਜ ਕੀਤੀ ਬੇਨਤੀ ਇਸੇ ਪਰਕਾਰ ਦੀ ਹੈ:

**ਹੇ ਰਵਿ, ਹੇ ਸਸਿ, ਹੇ ਕਰੁਣਾ ਨਿਧਿ,**
**ਮੇਰੀ ਅਬੈ ਬਿਨਤੀ ਸੁਨ ਲੀਜੈ।**
**ਅਉਰ ਨ ਮਾਂਗਤ ਹੌਂ ਤੁਮਤੇ ਕਛੁ**
**ਚਾਹਤ ਹੌਂ ਚਿਤ ਮੈਂ ਸੋਈ ਕੀਜੈ।**
**ਸ਼ਸਤ੍ਰਨ ਸਿਉਂ ਅਤਿ ਹੀ ਰਣ ਭੀਤਰ**
**ਜੂਝ ਮਰਉਂ ਕਹਿ ਸਾਚ ਪਤੀਜੈ।**

ਹਕਾਯਤਾਂ ਵਿਚ ਇਹ ਮੰਗ ਇਉਂ ਦੁਹਰਾਈ ਹੈ:

**ਬਿਦੇਹ ਸਾਕੀਆ ! ਸਾਗ਼ਰੇ ਸਬਜ਼ ਰੰਗ**
**ਕਿ ਮਾਰਾ ਬਕਾਰ ਅਸਤ ਦਰ ਵਕਤਿ ਜੰਗ।੬੦।**

**ਬ ਮਨ ਦਿਹ ਕਿ ਬਖ਼ਤ-ਆਜ਼ਮਾਈ ਕੁਨਮ**
**ਜ਼ ਤੇਗ਼ਿ ਖ਼ੁਦਸ਼ ਕਾਰਰਵਾਈ ਕੁਨਮ।੬੧।**

*—ਪਹਿਲੀ ਹਕਾਯਤ*

ਹੇ ਸਾਕ਼ੀ! ਮੈਨੂੰ ਸਬਜ਼ ਰੰਗ ਦਾ ਪਿਆਲਾ ਦੇ, ਇਹ ਸਾਨੂੰ ਜੰਗ ਸਮੇਂ ਚਾਹੀਦਾ ਹੈ। ਮੈਨੂੰ ਪਿਆਲਾ ਭਰ ਕੇ ਦੇ ਦੇ, ਤਾਕਿ ਮੈਂ ਆਪਣੇ ਭਾਗਾਂ ਦੀ ਪਰਖ ਕਰ ਸਕਾਂ ਤੇ ਆਪਣੀ ਤੇਗ਼ ਤੋਂ ਕੰਮ ਲੈ ਸਕਾਂ।

ਅਗਲੀ ਹਕਾਯਤ ਦੇ ਅੰਤ ਵਿਚ ਉਪਰੋਕਤ ੬੦ ਨੰ: ਸ਼ਿਅਰ ਦੁਹਰਾਇਆ ਹੈ ਤੇ ਫਿਰ ਉਸ ਦੇ ਨਾਲ ਦੂਜਾ ਸ਼ਿਅਰ ਹੈ:

**ਬਿਦੇਹ ਸਾਕੀਆ ਸਾਗ਼ਰੇ ਨੈਨ ਪਾਨ**
**ਕੁਨਦ ਪੀਰ ਸਦ ਸਾਲਹ ਰਾ ਨੌਜਵਾਨ।੫੭।**

*—ਦੂਜੀ ਹਕਾਯਤ*

ਹੇ ਸਾਕੀ! ਮੈਨੂੰ ਨੈਣਾਂ ਨੂੰ ਰੰਗਣ ਵਾਲਾ ਪਿਆਲਾ ਦੇ, ਐਸਾ ਪਿਆਲਾ ਜੋ ਬੁੱਢੇ ਨੂੰ ਨੌਜੁਆਨ ਬਣਾ ਦੇਵੇ।

ਸੱਤਵੀਂ ਹਕਾਯਤ ਦੇ ਅੰਤਮ ਸ਼ਿਅਰ ਹਨ:

**ਬਿਦਿਹ ਸਾਕੀਆ ! ਸੁਰਖ਼ ਰੰਗੇ ਫ਼ਿਰੰਗ**
**ਖ਼ੁਸ਼ਾਮਦ ਮਰਾ ਵਕਤਿ ਜ਼ਦ ਤੇਗ਼ ਜੰਗ।੪੬।**
**ਬਮਨ ਦਿਹ ਕਿ ਖ਼ੁਦ ਰਾ ਪਯੋਹਸ਼ ਕੁਨੇਮ**
**ਬਤੇਗ਼-ਅਜ਼ਮਾਈ ਸੁਕੋਹਸ਼ ਕੁਨੇਮ।੪੭।**

ਹੇ ਸਾਕੀ! ਮੈਨੂੰ ਲਾਲ ਰੰਗ ਦੀ ਵਲੈਤੀ ਸ਼ਰਾਬ ਦੇ,ਤਾਂ ਜੁ ਤੇਗ਼ ਵਾਹੁਣ ਸਮੇਂ ਕੰਮ ਆਵੇ, ਐਸਾ ਪਿਆਲਾ ਦਿਓ ਕਿ ਮੈਂ ਆਪਣੇ ਆਪ ਦੀ ਤਲਾਸ਼ ਕਰਾਂ ਅਤੇ ਤੇਗ਼ ਚਲਾ ਕੇ ਵੈਰੀ ਉੱਤੇ ਦਾਬਾ ਪਾਵਾਂ।

ਜਿਥੋਂ ਤਕ ਹਕਾਯਤਾਂ ਦੇ ਮੁੱਢਲੇ ਮੰਗਲਾਚਰਣ ਵਾਲੇ ਸ਼ਿਅਰਾਂ ਦਾ ਤਅੱਲੁਕ ਹੈ, ਉਨ੍ਹਾਂ ਵਿਚ ਕੇਵਲ ਖ਼ੁਦਾ-ਪ੍ਰਸਤੀ ਉੱਤੇ ਜ਼ੋਰ ਹੈ। ਹਰ ਥਾਂ ਅਕਾਲੀ ਓਟ ਦਾ ਵਿਸ਼ਵਾਸ ਦ੍ਰਿੜ੍ਹਾਇਆ ਹੈ। ਜੈਸਾ ਕਿ ਉਨ੍ਹਾਂ ਦੀ ਹੋਰ ਬਾਣੀ ਵਿਚ

ਮਿਲਦਾ ਹੈ। ਮਿਸਾਲ ਲਈ :

ਖ਼ੁਦਾਵੰਦ ਦਾਨਸ਼ ਦਿਹੋ ਦਾਦਗਰ
ਰਜ਼ਾਬਖ਼ਸ਼ ਰੋਜ਼ੀ ਦਿਹੋ ਹਰ ਹੁਨਰ।੧।
ਅਮਾਂ ਬਖ਼ਸ਼ ਬਖ਼ਸ਼ਿੰਦਾ ਓ ਦਸਤਗੀਰ
ਕੁਸ਼ਾਇਸ਼ ਕੁਨੋ ਰਹਿਨੁਮਾਇਸ਼ ਪਜ਼ੀਰ।੨। —ਦੂਜੀ ਹਕਾਯਤ

ਕਿ ਰੋਜ਼ੀ ਦਿਹੰਦ ਅਸਤ, ਰਾਜ਼ਕ ਰਹੀਮ
ਰਿਹਾਈ ਦਿਹੋ ਰਹਿਨੁਮਾਏ ਕਰੀਮ।੧।
ਦਿਲ ਅਫ਼ਜ਼ਾਇ ਦਾਨਸ਼ ਦਿਹੋ ਦਾਦਗਰ
ਰਜ਼ਾ ਬਖ਼ਸ਼ ਰੋਜ਼ੀ ਦਿਹੋ ਹਰ ਹੁਨਰ।੨। —ਤੀਜੀ ਹਕਾਯਤ

ਤੁਹੀ ਰਹਿਨੁਮਾ ਓ ਤੁਹੀ ਦਿਲ ਕੁਸ਼ਾਇ
ਤੁਹੀ ਦਸਤਗੀਰ ਅੰਦਰ ਹਰ ਦੋ ਸਰਾਇ।੧।
ਤੁ ਰੱਜ਼ਾਕ ਰੋਜ਼ੀ ਦਿਹੋ ਦਸਤਗੀਰ
ਕਰੀਮੋ ਖ਼ਤਾਬਖ਼ਸ਼, ਦਾਨਸ਼ ਪਜ਼ੀਰ।੨। —ਚੌਥੀ ਹਕਾਯਤ

ਖ਼ੁਦਾਵੰਦ ਬਖ਼ਸ਼ਿੰਦਹਏ ਦਿਲ ਕੁਸ਼ਾਇ
ਰਜ਼ਾਬਖ਼ਸ਼ ਰੋਜ਼ੀ ਦਿਹੋ ਰਹਨੁਮਾਇ।੧।
ਨ ਫ਼ੌਜੋ ਨ ਫ਼ਰਸ਼ੋ ਨ ਨਫ਼ਰੋ ਨਫ਼ੂਰ
ਖ਼ੁਦਾਵੰਦਿ ਬਖ਼ਸ਼ਿੰਦਾਂ ਜ਼ਾਹਰ ਜ਼ਹੂਰ।੨। —ਪੰਜਵੀਂ ਹਕਾਯਤ

ਖ਼ੁਦਾਵੰਦਿ ਬਖ਼ਸ਼ਿੰਦਹਏ ਬੇਸ਼ੁਮਾਰ
ਜ਼ਾਹਰ ਜ਼ਹੂਰ ਅਸਤ, ਸਾਹਿਬਿ ਦਯਾਰ।੧।
ਤਬੀਅਤ ਬਹਾਲਸਤ ਹੁਸਨੁਲ ਜਮਾਲ
ਚਿ ਹੁਸਨੁਲ ਜਮਾਲੋ ਫ਼ਜ਼ੀਲਤ ਕਮਾਲ।੨। —ਛੇਵੀਂ ਹਕਾਯਤ

ਖ਼ੁਦਾਵੰਦਿ ਬਖ਼ਸ਼ਿੰਦਹਏ ਦਿਲ ਕਹਾਰ
ਰਜ਼ਾਬਖ਼ਸ਼ ਰੋਜ਼ੀ ਦਿਹੋ ਨੌ ਬਹਾਰ।੧।

ਕਿ ਮੀਰਸਤ ਪੀਰਸਤ ਹਰ ਦੋ ਜਹਾਂ
ਖ਼ੁਦਾਵੰਦ ਬਖ਼ਸ਼ਿੰਦ ਹਰ ਯਕ ਅਮਾਂ ।੨। *—ਸੱਤਵੀਂ ਹਕਾਯਤ*

ਕਮਾਲਸ਼ ਕਰਾਮਾਤ ਆਜ਼ਮ ਕਰੀਮ
ਰਜ਼ਾ ਬਖ਼ਸ਼ ਰਾਜ਼ਿਕ ਰਿਹਾਕੋ ਰਹੀਮ ।੧।
ਬ ਜ਼ਾਕਰ ਦਿਹੰਦ ਈਂ ਜ਼ਿਮੀਨੋ ਜ਼ਮਾਂ
ਮਲੂਕੋ ਮਲਾਇਕ ਹਮਾਂ ਆਂ ਜਹਾਂ ।੨। *—ਅੱਠਵੀਂ ਹਕਾਯਤ*

ਗ਼ਫ਼ੂਰੋ ਗੁਨਾਹਬਖ਼ਸ਼ ਗ਼ਾਫ਼ਲ ਕੁਸ਼ਾਸਤ
ਜਹਾਂ ਰਾ ਤੁਹੀਂ ਬਸਤਹ ਈਂ ਬੰਦੋਬਸਤ। *—ਨੌਵੀਂ ਹਕਾਯਤ*

ਤੁਹੀ ਦਸਤਗੀਰ ਅਸਤ ਦਰਮਾਂਦਗਾਂ
ਤੁਹੀ ਕਾਰਸਾਜ਼ ਅਸਤ ਬੇਚਾਰਗਾਂ ।੧।
ਸ਼ਹਿਨਸ਼ਾਹ ਬਖ਼ਸ਼ਿੰਦਹਏ ਬੇਨਯਾਜ਼
ਜ਼ਿਮੀਨੋ ਜ਼ਮਾਂ ਰਾ ਤੁਹੀ ਕਾਰਸਾਜ਼ ।੨। *—ਦਸਵੀਂ ਹਕਾਯਤ*

ਰਜ਼ਾ ਬਖ਼ਸ਼ ਬਖ਼ਸ਼ਿੰਦਹਏ ਬੇਸ਼ੁਮਾਰ
ਰਿਹਾਈ ਦਿਹੋ ਪਾਕ ਪਰਵਰਦਗਾਰ ।੧।
ਰਹੀਮੋ ਕਰੀਮੋ ਮਕੀਨੋ ਮਕਾਂ
ਅਜ਼ੀਮੋ ਫ਼ਹੀਮੋ ਜ਼ਿਮੀਨੋ ਜ਼ਮਾਂ ।੨। *—ਗਿਆਰ੍ਹਵੀਂ ਹਕਾਯਤ*

ਸੋ ਇਨ੍ਹਾਂ ਹਕਾਯਤਾਂ ਦੇ ਆਦਿਲੇ ਤੇ ਅੰਤਲੇ ਸ਼ਿਅਰਾਂ ਵਿਚ ਭਗਤੀ ਤੇ ਸ਼ਕਤੀ ਦੀ ਮੰਗ ਹੈ ਜੋ ਸਿਖ ਲਹਿਰ ਨੂੰ ਸਿੰਘ-ਲਹਿਰ ਬਣਾਉਣ ਵਿਚ ਸਹਾਈ ਹੁੰਦੀ ਹੈ।

ਇਹ ਮੰਗਲਾਚਰਣਾਂ ਦੇ ਨਮੂਨੇ ਅਸਾਂ ਇਸ ਲਈ ਦਿੱਤੇ ਹਨ ਤਾਕਿ ਪਾਠਕਾਂ ਨੂੰ ਇਸ ਗੱਲ ਦੀ ਜਾਣਕਾਰੀ ਹੋ ਜਾਵੇ ਕਿ ਗੁਰੂ ਸਾਹਿਬ ਅਕਾਲ ਪੁਰਖ ਲਈ ਕਿਸ ਕਿਸਮ ਦੇ ਵਿਸ਼ੇਸ਼ਣ ਵਰਤਦੇ ਰਹੇ ਹਨ ਤੇ ਅਜਿਹੇ ਵਿਸ਼ੇਸ਼ਣਾਂ ਵਾਲੇ ਸਮਾਸ ਹੀ ਵਧੇਰੇ ਜ਼ਫ਼ਰਨਾਮੇ ਵਿਚ ਥਾਂ ਥਾਂ ਆਏ ਹਨ।

ਇਹ ਸਾਰੀ ਵਿਆਖਿਆ ਵਿਸਤਾਰ ਇਹ ਦੱਸਣ ਲਈ ਹੈ ਕਿ ਗੁਰੂ ਸਾਹਿਬ ਫ਼ਾਰਸੀ ਦੇ ਆਲਮ ਫ਼ਾਜ਼ਲ ਸ਼ਾਇਰ ਸਨ ਤੇ ਜਵਾਨੀ ਵਿਚ ਹੀ ਉਹ ਫ਼ਾਰਸੀ ਸ਼ਿਅਰ ਲਿਖਣ ਦਾ ਅਭਿਆਸ ਰਖਦੇ ਸਨ। ਇਸ ਕਰਕੇ ਜਦੋਂ ਉਨ੍ਹਾਂ ਨੂੰ ਔਰੰਗਜ਼ੇਬ ਨੂੰ ਸੰਬੋਧਨ ਕਰਨ ਲਈ ਪੱਤਰ ਲਿਖਣਾ ਪਿਆ ਤਾਂ ਉਨ੍ਹਾਂ ਵਾਰਤਕ ਦੀ ਥਾਂ ਛੰਦਾਬੰਦੀ ਨੂੰ ਹੀ ਚੁਣਿਆ। ਇਹ ਤਾਂ ਮੰਨਣਾ ਹੀ ਪਵੇਗਾ ਕਿ ਵਾਰਤਕ ਨਾਲੋਂ ਕਵਿਤਾ ਦਾ ਪ੍ਰਭਾਵ ਵਧੇਰੇ ਪੈਂਦਾ ਹੈ ਤੇ ਮਨੁੱਖੀ ਜਜ਼ਬੇ ਉਸ ਅਸਰ ਤੋਂ ਕਿਵੇਂ ਬਚੇ ਨਹੀਂ ਰਹਿ ਸਕਦੇ। ਫਿਰ ਦੋ-ਤਿੰਨ ਥਾਂ ਫ਼ਾਰਸੀ ਦੇ ਮਹਾਨ ਕਵੀਆਂ ਦੇ ਕਥਨ ਵੀ ਗੁਰੂ ਸਾਹਿਬ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਹਿਤ ਇਸ ਖ਼ਤ ਵਿਚ ਵਰਤੇ ਹਨ, ਜਿਵੇਂ ਕਿ ਫਿਰਦੌਸੀ ਦੇ ਸ਼ਾਹਨਾਮੇ ਵਿਚੋਂ ਇਹ ਟੂਕ ਲਈ ਹੈ ਕਿ ਕਾਹਲੀ ਕਰਨਾ ਸ਼ੈਤਾਨਾਂ ਦਾ ਕੰਮ ਹੈ, ਨੇਕ ਆਦਮੀ ਸਦਾ ਧੀਰਜ ਤੋਂ ਕੰਮ ਲੈਂਦਾ ਹੈ।

**ਚਿ ਖ਼ੁਸ਼ ਗੁਫ਼ਤ ਫ਼ਿਰਦੌਸੀਏ ਖ਼ੁਸ਼ ਜ਼ਬਾਂ**
**ਸ਼ਿਤਾਬੀ ਬਵਦ ਕਾਰਿ ਅਹਰਿਮੰਨਾ।੮੦।**

ਤੁਹਾਡੇ ਮੁਗ਼ਲ ਫ਼ੌਜਦਾਰਾਂ ਤੇ ਪਹਾੜੀਏ ਗ਼ੱਦਾਰਾਂ ਇਸ ਦਾ ਉਲੰਘਣ ਕੀਤਾ, ਅਸਾਂ ਵਾਅਦੇ ਅਨੁਸਾਰ ਅਜੇ ਅਨੰਦਪੁਰ ਨਗਰੀ ਦਾ ਤਿਆਗ ਕੀਤਾ ਹੀ ਸੀ ਕਿ ਫ਼ੌਰਨ ਇਹ ਸ਼ੈਤਾਨ ਹਮਲਾਵਰ ਆ ਹੋਏ ਤੇ ਚਮਕੌਰ ਦੀ ਹਵੇਲੀ ਨੂੰ ਆ ਘੇਰਾ ਪਾਇਆ। ਹੁਣ ਅਸਾਡੇ ਲਈ ਕੋਈ ਰਸਤਾ ਨਾ ਰਹਿ ਗਿਆ ਸਿਵਾਇ ਤਲਵਾਰ ਕੱਢਣ ਦੇ। ਚਾਲੀ ਭੁੱਖਣ ਭਾਣੇ ਸਿਖ ਕੀ ਕਰ ਸਕਦੇ ਸਨ, ਜਦੋਂ ਕਿ ਬੇਸ਼ੁਮਾਰ ਫ਼ੌਜ ਤੇ ਮੁਲਖ਼ਈਆ ਉਨ੍ਹਾਂ ਨੂੰ ਆ ਘੇਰੇ। ਇਥੇ ਹੀ ਉਨ੍ਹਾਂ ਸ਼ੇਖ਼ ਸਾਅਦੀ ਦਾ 'ਬੋਸਤਾਂ' ਵਿਚ ਆਇਆ ਸ਼ਿਅਰ 'ਚੂੰ ਦਸਤਜ਼ ਹਮਾ' ਮਾਮੂਲੀ ਫ਼ਰਕ ਨਾਲ ਜ਼ਫ਼ਰਨਾਮੇ ਵਿਚ ਗੁੰਦਿਆ ਹੈ:

**ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।੨੨।**

## ਕੁਝ ਮੁੱਖ ਨੁਕਤੇ

*ਜ਼ਫ਼ਰਨਾਮਾ* ਇਕ ਤ੍ਵਾਰੀਖ਼ੀ ਦਸਤਾਵੇਜ਼ ਹੈ, ਇਸ ਤੋਂ ਜਿਥੇ ਕਈ ਇਤਿਹਾਸਕ ਪਹਿਲੂਆਂ ਉੱਤੇ ਰੌਸ਼ਨੀ ਪੈਂਦੀ ਹੈ, ਉਥੇ ਕੁਝ ਵਿਸ਼ੇਸ਼ ਧਾਰਮਿਕ ਪੱਖ ਵੀ ਉਜਾਗਰ ਹੁੰਦੇ ਹਨ। ਕੁਝ ਕੁ ਨੁਕਤੇ ਧਿਆਨ ਯੋਗ ਹਨ:

1. ਗੁਰੂ ਗੋਬਿੰਦ ਸਿੰਘ ਇਕ ਰੂਹਾਨੀ ਪੁਰਖ (ਗੁਰੂ) ਹੋਣ ਦੇ ਨਾਤੇ ਅਕਾਲ ਪੁਰਖ ਉੱਤੇ ਕਿੰਨਾ ਅਟੱਲ ਭਰੋਸਾ ਰੱਖਦੇ ਹਨ ਤੇ ਇਸ ਦੇ ਆਸਰੇ ਉਨ੍ਹਾਂ ਦਾ ਸਾਹਸ ਕਿਤਨਾ ਦ੍ਰਿੜ੍ਹ ਤੇ ਮਜ਼ਬੂਤ ਸੀ, ਉਹ ਹਿੰਦ ਦੀ ਵੱਡੀ ਸਲਤਨਤ ਨਾਲ ਟੱਕਰ ਲੈਂਦੇ ਅਨੇਕਾਂ ਸੰਕਟਾਂ ਵਿਚੀਂ ਲੰਘਦੇ ਵੀ ਆਪਣੇ ਆਪ ਨੂੰ ਅਡੋਲ ਰੱਖਦੇ ਹਨ। *ਜ਼ਫ਼ਰਨਾਮੇ* ਦੇ ਅੱਧੇ ਸ਼ਿਅਰਾਂ ਵਿਚ ਇਸੇ ਦੀ ਗੂੰਜ ਹੈ। ਆਮ ਤੌਰ 'ਤੇ ਬਾਦਸ਼ਾਹ ਨੂੰ ਸੰਬੋਧਨ ਕੀਤੇ ਜਾਣ ਵਾਲੇ ਪੱਤਰਾਂ ਵਿਚ ਪਹਿਲੇ ਮੁੱਢ ਵਿਚ ਹੀ ਉਸ ਲਈ ਵੱਡੇ ਵੱਡੇ ਵਿਸ਼ੇਸ਼ਣ ਵਰਤੇ ਜਾਂਦੇ ਤੇ ਉਸ ਨੂੰ ਸਲਾਮ ਦੁਆ ਕਰ ਕੇ ਹੀ ਖ਼ਤ ਅਰੰਭ ਹੁੰਦਾ ਸੀ, ਪਰੰਤੂ ਇਥੇ ਪਹਿਲੇ ਇਕ ਦਰਜਨ ਸ਼ਿਅਰਾਂ ਵਿਚ ਕੇਵਲ ਅਕਾਲ ਪੁਰਖ ਦੀ ਉਸਤਤਿ ਹੈ ਜੋ ਕਿ ਅਲੌਕਿਕ ਸ਼ਕਤੀਆਂ ਦਾ ਮਾਲਕ ਸਭ ਥਾਂ, ਸਭ ਦੀ ਰੱਖਿਆ ਕਰਨ ਵਾਲਾ ਕ੍ਰਿਪਾਲੂ ਦਿਆਲੂ ਹੈ। ਗੁਰੂ ਸਾਹਿਬ ਦੀ ਟੇਕ ਉਸੇ 'ਤੇ ਹੈ। ਇਸੇ ਕਰਕੇ ਕਿਹਾ ਹੈ ਕਿ ਹੇ ਔਰੰਗਜ਼ੇਬ! ਜੇ ਤੇਰੀ ਨਿਗਾਹ ਲਸ਼ਕਰਾਂ ਅਤੇ ਮਾਲ ਖ਼ਜ਼ਾਨਿਆਂ ਉੱਤੇ ਹੈ ਤਾਂ ਸਾਡੀ ਨਜ਼ਰ ਤਾਂ ਕੇਵਲ ਮਾਲਕ ਦੇ ਸ਼ੁਕਰਾਨਿਆਂ ਉੱਤੇ ਹੀ ਹੈ।

   **ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ**
   **ਕਿ ਮਾਰਾ ਨਿਗ੍ਹਾਅਸਤ ਯਜ਼ਦਾਂ ਸ਼ੁਕਰ।੧੦੫।**
   **ਕਿ ਤੋ ਰਾ ਗ਼ੁਰੂਰ ਅਸਤ ਬਰ ਮੁਲਕੋ ਮਾਲ**
   **ਵ ਮਾਰਾ ਪਨਾਹ ਅਸਤ, ਯਜ਼ਦਾਂ ਅਕਾਲ।੧੦੬।**

2. ਇਸ ਪੱਤਰ ਵਿਚ ਅੱਗੇ ਜਾ ਕੇ ਜਿਥੇ ਔਰੰਗਜ਼ੇਬ ਦੇ ਕੁਝ ਸੈਨਿਕ

ਗੁਣਾਂ ਦਾ ਵੀ ਚਰਚਾ ਕੀਤਾ ਹੈ, ਉਥੇ ਨਿਝੱਕ ਹੋ ਕੇ ਉਸ ਦੀਆਂ ਕਮਜ਼ੋਰੀਆਂ ਤੋਂ ਵੀ ਪੜਦਾ ਚੁੱਕਿਆ ਹੈ। ਉਸ ਸਮੇਂ ਕਿਸੇ ਦੀ ਮਜਾਲ ਨਹੀਂ ਸੀ ਕਿ ਮੁਗ਼ਲ ਸਾਮਰਾਜ ਦੇ ਇਸ ਵੱਡੇ ਥੰਮ੍ਹ ਨੂੰ ਵੰਗਾਰ ਸਕੇ, ਪਰ ਗੁਰੂ ਜੀ ਨੇ ਪੂਰੀ ਨਿਰਭੈਤਾ ਨਾਲ ਕਿਹਾ ਕਿ ਤੂੰ ਮੁਲਕ ਦਾ ਵਾਲੀ ਜ਼ਰੂਰ ਹੈਂ, ਪਰ ਈਮਾਨਦਾਰੀ ਤੇ ਸੱਚੇ ਧਰਮ ਤੋਂ ਸੱਖਣਾ ਹੀ ਹੈਂ:

**ਸ਼ਾਹਿਨਸ਼ਾਹ ਅਉਰੰਗਜ਼ੇਬ ਆਲਮੀਂ**
**ਕਿ ਦਾਰਾਏ ਦੌਰ ਅਸਤ ਦੂਰਸਤ ਦੀਂ।੯੪।**

ਫਿਰ ਤਾੜਨਾ ਵੀ ਕੀਤੀ ਹੈ ਕਿ ਤੂੰ ਬੇਲਿਹਾਜ਼ ਜ਼ਮਾਨੇ ਦੇ ਚੱਕ੍ਰ ਵੱਲ ਵੇਖ ਕਿ ਕਿਵੇਂ ਉਹ ਸਭ ਨੂੰ ਚੀਰਦਾ ਜਾ ਰਿਹਾ ਹੈ ਤੇ ਇਕ ਦਿਨ ਤੈਨੂੰ ਵੀ ਉਸ ਦਾ ਸ਼ਿਕਾਰ ਹੋਣਾ ਪਵੇਗਾ:

**ਬਬੀਂ ਗਰਦਸ਼ਿ ਬੇਵਫ਼ਾਇ ਜ਼ਮਾਂ**
**ਕਿ ਬਿਗੁਜ਼ਸ਼ਤ ਬਰ ਹਰ ਮਕੀਨੋ ਮਕਾਂ।੧੦੮।**
**ਮਜ਼ਨ ਤੇਗ਼ ਬਰ ਖ਼ੂਨਿ ਕਸ ਬੇਦਰੇਗ਼**
**ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬਤੇਗ਼।੬੯।**

ਜਿਥੋਂ ਤਕ ਤੇਰੀ ਇਸਲਾਮ ਦੀ ਖ਼ਿਦਮਤ ਦਾ ਸਵਾਲ ਹੈ, ਉਹ ਵੀ ਇਕ ਢੌਂਗ ਹੀ ਹੈ। ਨਾ ਤੂੰ ਸੱਚੇ ਦੀਨੀ ਰਸਤਿਆਂ ਉੱਤੇ ਚੱਲਣ ਵਾਲਾ ਹੈਂ ਤੇ ਨਾ ਹੀ ਤੇਰਾ ਹਜ਼ਰਤ ਸਾਹਿਬ ਉੱਤੇ ਕੋਈ ਭਰੋਸਾ ਹੈ:

**ਨ ਈਮਾਂ ਪ੍ਰਸਤੀ, ਨ ਅਉਜ਼ਾਇ ਦੀਂ**
**ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀਂ।੪੬।**

ਗੁਰੂ ਸਾਹਿਬ ਨੇ ਇਥੇ ਇਕ ਹੋਰ ਗੱਲ ਵੀ ਚੇਤੇ ਕਰਾਈ ਹੈ ਕਿ ਇਸਲਾਮ ਤਾਂ ਬੁੱਤਪ੍ਰਸਤੀ ਦੇ ਖ਼ਿਲਾਫ਼ ਹੈ, ਮੈਂ ਵੀ ਬੁੱਤਪ੍ਰਸਤੀ ਦਾ ਹਾਮੀ ਨਹੀਂ (੯੫)। ਪਰ ਤੁਸਾਂ ਅਸੂਲਾਂ ਨੂੰ ਛਿੱਕੇ ਟੰਗ ਕੇ ਬੁੱਤਪ੍ਰਸਤ ਪਹਾੜੀਆਂ ਨਾਲ ਗਾਂਢਾ-ਸਾਂਢਾ ਕੀਤਾ, ਇਹ ਕਿਥੋਂ ਦੀ ਦੀਨਦਾਰੀ ਹੈ?

3. ਸਤਿਗੁਰਾਂ ਨੂੰ ਸੱਚੇ ਧਰਮ ਦੀ ਵਿਜੈ ਦਾ ਜਾਂ ਅੰਤ ਨੇਕੀ ਦੀ ਫ਼ਤਹਿ ਦਾ ਕਿੰਨਾ ਅਟੁੱਟ ਵਿਸ਼ਵਾਸ ਸੀ, ਇਹ ਵੀ ਕਮਾਲ ਦੀ ਗੱਲ ਹੈ। ਅਨੰਦਪੁਰ ਦੇ ਉਜਾੜੇ, ਪਰਵਾਰ ਤੇ ਨਿਕਟਵਰਤੀ ਸਿਖਾਂ ਦੇ ਅਸਹਿ ਵਿਛੋੜੇ ਨੇ ਇਸ ਨਿਸਚੇ ਨੂੰ ਡੋਲਣ ਨਹੀਂ ਦਿੱਤਾ। ਉਨ੍ਹਾਂ ਕਿਹਾ, ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰ ਦਿੱਤੇ ਗਏ, ਆਖ਼ਰ ਮਾਸੂਮਾਂ ਦੀ ਕਾਤਲ ਹਕੂਮਤ ਇਕ ਦਿਨ ਬੁਰੀ ਤਰ੍ਹਾਂ ਮਾਰ ਖਾਏਗੀ ਤੇ ਭੁਝੰਗੀ ਖ਼ਾਲਸਾ ਵਧੇ ਫੁਲੇਗਾ, ਚੰਗਿਆੜੇ ਬੁਝਾਏ ਜਾ ਸਕਦੇ ਹਨ ਪਰ ਜੁਆਲਾਮੁਖੀ ਭੱਠੀ ਨਹੀਂ।

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ**
**ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ।੭੮।**
**ਚਿ ਮਰਦੀ ਕਿ ਅਖ਼ਗਰ ਖ਼ਾਮੋਸ਼ਾਂ ਕੁਨੀ**
**ਕਿ ਆਤਸ਼ ਦਮਾਂ ਰਾ ਬਦਉਰਾਂ ਕੁਨੀ।੭੯।**

4. ਜ਼ਿੰਦਗੀ ਦੇ ਵਿਕਾਸ ਲਈ ਲੜਾਈ ਜਾਂ ਖ਼ੂਨ-ਖ਼ਰਾਬਾ ਜ਼ਰੂਰੀ ਨਹੀਂ। ਗੁਰੂ ਸਾਹਿਬ ਸ਼ਸਤ੍ਰਧਾਰੀ ਹੁੰਦੇ ਹੋਏ ਵੀ ਇਸ ਦੇ ਵਿਰੁੱਧ ਸਨ ਤੇ ਉਹ ਚਾਹੁੰਦੇ ਸਨ ਕਿ ਹਰ ਹੀਲੇ ਅਮਨ-ਅਮਾਨ ਤੇ ਗੱਲਬਾਤ ਦੁਆਰਾ ਮਾਮਲਾ ਨਿਪਟਾਇਆ ਜਾਵੇ। ਅਨੰਦਪੁਰ ਦੀ ਤਬਾਹੀ ਬਾਅਦ ਵੀ ਉਹ ਸੁਲਹ-ਸਫ਼ਾਈ ਲਈ ਸ਼ਾਹੀ ਮੁਲਾਕਾਤ ਦਾ ਸੁਝਾਉ ਸਹੀ ਸਮਝਦੇ ਸਨ। ਪਰ ਜਦ ਇਹ ਸੰਵਾਦ ਦਾ ਸਾਧਨ ਕਾਰਗਰ ਸਾਬਤ ਨਾ ਹੋਵੇ ਤਾਂ ਫਿਰ ਦੁਸ਼ਟ ਦਮਨ ਲਈ ਤਲਵਾਰ ਦੇ ਦਸਤੇ ਉੱਤੇ ਹੱਥ ਰੱਖਣਾ ਜਾਇਜ਼ ਹੀ ਹੈ।

5. ਚੰਗੇ ਮਨੁੱਖ ਦਾ ਲੱਛਣ ਇਹ ਹੈ ਕਿ ਉਹ ਬਚਨਾਂ ਦਾ ਪੂਰਾ ਸੂਰਾ ਹੋਵੇ, ਜੋ ਵਾਅ੍ਦੇ ਤੋਂ ਪਿੱਛੇ ਖਿਸਕ ਜਾਵੇ, ਉਹ ਮਰਦ ਕਹੇ ਜਾਣ ਦੇ ਲਾਇਕ ਨਹੀਂ।

**ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ**
**ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ।੫੫।**

ਇਹ ਗੱਲ ਗੁਰੂ ਸਾਹਿਬ ਨੇ ਇਸ ਲਈ ਚੇਤੇ ਕਰਾਈ ਹੈ ਕਿਉਂਕਿ ਬਾਦਸ਼ਾਹ ਦੇ ਦੀਵਾਨ ਤੇ ਫ਼ੌਜੀ ਅਧਿਕਾਰੀ ਕੁਰਾਨ ਦੀ ਕਸਮ ਖਾ ਕੇ ਕੀਤੇ ਇਕਰਾਰਨਾਮੇ ਨੂੰ ਬੇਹੱਯਾਈ ਨਾਲ ਤੋੜ ਕੇ ਅਨੰਦਪੁਰ ਛੱਡਣ ਦੇ ਬਾਵਜੂਦ ਆਪ ਉੱਤੇ ਹਮਲਾਵਰ ਆਣ ਹੋਏ ਸਨ ਤੇ ਉਨ੍ਹਾਂ ਸੈਂਕੜੇ ਬਹਾਦਰ ਸਿੰਘਾਂ ਨੂੰ ਖਾਹਮਖਾਹ ਬਿਪਤਾ ਦੇ ਮੂੰਹ ਸੁੱਟ ਦਿੱਤਾ ਸੀ।

ਇਸ ਕਰਕੇ ਗੁਰੂ ਜੀ ਨੇ ਬਾਰ ਬਾਰ ਇਹ ਗੱਲ ਆਖੀ ਹੈ ਕਿ ਮੈਨੂੰ ਤੁਹਾਡੀ ਕੁਰਾਨ ਦੀ ਕਸਮ ਉੱਤੇ ਕੋਈ ਇਤਬਾਰ ਨਹੀਂ।

6. ਬਾਦਸ਼ਾਹ ਦੀ ਗਿਆਤ ਲਈ ਸਰਕਾਰ ਵੱਲੋਂ ਕੀਤੇ ਇਕਰਾਰਨਾਮੇ ਦੀਆਂ ਮੁੱਖ ਸ਼ਰਤਾਂ ਦਾ ਚਰਚਾ ਵੀ ਗੁਰੂ ਜੀ ਨੇ ਇਸ ਖ਼ਤ ਵਿਚ ਇਹ ਕਹਿ ਕੇ ਕਰ ਦਿੱਤਾ ਕਿ ਜੇ ਤੁਸੀਂ ਉਹ ਕਸਮਨਾਮਾ ਦੇਖਣਾ ਚਾਹੋ ਤਾਂ ਉਹ ਵੀ ਮੈਂ ਤੁਹਾਨੂੰ ਨਾਲ ਭੇਜ ਦਿੰਦਾ ਹਾਂ। ਇਹ ੫੮ ਤੋਂ ੬੧ ਨੰਬਰ—ਚਾਰ ਸ਼ਿਅਰਾਂ ਵਿਚ ਦਰਸਾ ਦਿੱਤਾ ਹੈ ਜੋ ਇਤਿਹਾਸਕ ਤੌਰ 'ਤੇ ਬਹੁਮੁੱਲਾ ਹੈ:

**ਤੁਰਾ ਗਰ ਬ ਬਾਯਦ ਆਂ ਕਉਲੇ ਕੁਰਾਂ**
**ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾ।੫੭।**

7. ਚੂੰਕਿ ਸਰਕਾਰੀ ਅਹਿਲਕਾਰ ਨੇਕ ਨੀਅਤ ਨਹੀਂ ਸਨ ਤੇ ਝੂਠੀਆਂ ਸੱਚੀਆਂ ਖ਼ਬਰਾਂ ਭੇਜ ਕੇ ਦੱਖਣ ਬੈਠੇ ਬਾਦਸ਼ਾਹ ਨੂੰ ਗੁਮਰਾਹ ਕਰ ਰਹੇ ਸਨ, ਇਸ ਲਈ ਗੁਰੂ ਸਾਹਿਬ ਇਹ ਚਾਹੁੰਦੇ ਸਨ ਕਿ ਬਾਦਸ਼ਾਹ ਨਾਲ ਮੁਲਾਕਾਤ ਕਰ ਕੇ ਸਾਰਾ ਮਾਮਲਾ ਸਪੱਸ਼ਟ ਕੀਤਾ ਜਾਵੇ। ਇਸੇ ਲਈ ਗੁਰੂ ਜੀ ਨੇ ਇਹ ਮੁਲਾਕਾਤ ਲਈ ਸ਼ੀਘਰ ਫ਼ੁਰਮਾਨ ਜਾਰੀ ਕਰਨ ਦਾ ਸੁਝਾਉ ਰੱਖਿਆ:

**ਗਰਚਿ ਬਿਆਯਦ ਬ ਫ਼ੁਰਮਾਨਿ ਮਨ**
**ਹਜ਼ੂਰਤੁ ਬਿਆਯਮ ਹਮਹ ਜਾਨੋ ਤਨ।੬੩।**

ਨਾਲ ਹੀ ਇਹ ਤਾਕੀਦ ਕੀਤੀ ਹੈ ਕਿ ਜੋ ਤੁਸੀਂ ਕਾਜ਼ੀ ਮੇਰੇ ਪਾਸ

ਅਨੰਦਪੁਰ ਭੇਜਿਆ ਸੀ, ਉਹ ਵੀ ਮੁਲਾਕਾਤ ਸਮੇਂ ਦਰਬਾਰ ਵਿਚ ਹਾਜ਼ਰ ਚਾਹੀਦਾ ਹੈ ਤਾਕਿ ਜੋ ਉਸ ਤੁਹਾਡੇ ਵੱਲੋਂ ਭਰੋਸਾ-ਦੋਹੀ ਦੀਆਂ ਜ਼ਬਾਨੀ ਗੱਲਾਂ ਕੀਤੀਆਂ ਸਨ, ਉਨ੍ਹਾਂ ਦਾ ਵੀ ਸਹੀ ਨਿਰਣਾ ਕੀਤਾ ਜਾ ਸਕੇ।੮੧।

8. ਚਮਕੌਰ ਦੇ ਸਾਕੇ ਬਾਰੇ ਜੋ ਅੱਖੀਂ ਡਿੱਠਾ ਬ੍ਰਿਤਾਂਤ (੧੯ ਤੋਂ ੪੪) ਦਿੱਤਾ ਗਿਆ ਹੈ, ਉਹ ਇਤਿਹਾਸਕ ਤੌਰ 'ਤੇ ਬਹੁਮੁੱਲਾ ਹੈ ਕਿ ਕਿਵੇਂ ਚਾਲੀ ਭੁੱਖਣ-ਭਾਣੇ ਸਿਖਾਂ ਸ਼ਹਾਦਤ ਤੋਂ ਜ਼ਰਾ ਮੁੱਖ ਨਾ ਮੋੜਿਆ।
9. ਸਾਹਿਤਕ ਪੱਖ ਤੋਂ ਵੀ ਜ਼ਫ਼ਰਨਾਮੇ ਦੀ ਰਚਨਾ ਗੌਰਵ ਵਾਲੀ ਹੈ, ਬੜੇ ਸਿੱਧੇ ਸਾਦੇ ਅਲੰਕਾਰਾਂ ਨਾਲ ਸਜਾ ਸਜਾ ਕੇ ਹਰ ਗੱਲ ਆਖੀ ਗਈ ਹੈ, ਸ਼ਬਦ ਚਮਤਕਾਰ ਤੇ ਅਰਥ ਚਮਤਕਾਰ ਦੋਵੇਂ ਸ਼ੋਭਾ ਵਧਾਉਂਦੇ ਹਨ।

   ਚਮਕੌਰ ਦੀ ਜੰਗ ਦੇ ਵਰਣਨ ਵਿਚ ਉਪਮਾ ਅਤੇ ਦ੍ਰਿਸ਼ਟਾਂਤ ਖ਼ੂਬ ਵਰਤੇ ਹਨ। ਤੀਰਾਂ ਗੋਲੀਆਂ ਦੀ ਇੰਨੀ ਬਰਖਾ ਹੋਈ ਕਿ ਧਰਤੀ ਲਹੂ ਨਾਲ ਲੇਥੂ-ਪੇਥੂ ਹੋ ਕੇ ਪੋਸਤ ਦੇ ਫੁੱਲ ਵਾਂਗੂੰ ਲਾਲੋ-ਲਾਲ ਹੋ ਗਈ, ਮਰੇ ਹੋਏ ਬੰਦਿਆਂ ਦੇ ਸਿਰ ਪੈਰਾਂ ਦੇ ਇਉਂ ਢੇਰ ਲੱਗ ਗਏ, ਜਿਵੇਂ ਖੇਡ ਦਾ ਮੈਦਾਨ ਖਿਦੋ-ਖੂੰਡੀਆਂ ਨਾਲ ਭਰਿਆ ਹੋਵੇ। ਕਾਲੀਪੋਸ਼ ਮੁਗ਼ਲ ਲਸ਼ਕਰ ਭੂੰਮਣੇ ਮਖਿਆਲ ਵਾਂਙ ਪਿਆ, ਪਠਾਣ ਤੇਜ਼ ਹੜ੍ਹ ਤੇ ਤੇਜ਼ ਤਰਾਰ ਤੀਰ ਵਾਂਙ ਆਇਆ। ਇਸੇ ਤਰ੍ਹਾਂ ਫ਼ਾਰਸੀ ਰਚਨਾ ਵਿਚ ਗੁਰੂ ਜੀ ਨੇ ਦੇਸੀ ਪਦ ਖ਼ੂਬਸੂਰਤੀ ਨਾਲ ਪਰੋਏ ਹਨ, ਜਿਵੇਂ ਕਿ ਸੱਚਾ ਪਾਤਸ਼ਾਹ, ਅਕਾਲ, ਤਰੰਕਾਰ ਆਦਿ। ਛੰਦ ਆਮ ਮਸਨਵੀਆਂ ਵਿਚ ਵਰਤਿਆ ਜਾਣ ਵਾਲਾ ਪ੍ਰਸਿੱਧ ਬਹਰ ਹੈ—'ਫਊਲਨ ਫਊਲਨ ਫਊਲਨ ਫਊਲ'। ਚੁਸਤ ਬੰਦਸ਼ ਕਰ ਕੇ ਰਵਾਨੀ ਬਰਕਰਾਰ ਰੱਖੀ ਗਈ ਹੈ ਤੇ ਰੂਹਾਨੀ ਰੰਗ ਵੀ ਪੂਰੇ ਜਲੌ ਵਾਲਾ ਹੈ।
10. ਇਕ ਆਦਰਸ਼ਵਾਦੀ ਸੰਗ੍ਰਾਮੀਏ ਨੂੰ ਕਿਸ ਤਰ੍ਹਾਂ ਸੰਕਟਮਈ ਇਨਕਲਾਬੀ ਸਰਗਰਮੀਆਂ ਵਿਚੀਂ ਲੰਘ ਕੇ ਦ੍ਰਿੜ੍ਹ ਤੇ ਅਡੋਲ ਰਹਿਣਾ ਚਾਹੀਦਾ ਹੈ ਤੇ ਕਿਵੇਂ ਆਪਣੀ ਮਾਨਸਿਕ ਅਵਸਥਾ ਨੂੰ ਸੰਤੁਲਤ

ਤੇ ਆਸ਼ਾ-ਭਰਪੂਰ ਰੱਖਣਾ ਯੋਗ ਹੈ, ਇਸ ਦੀ ਪ੍ਰੇਰਨਾ-ਦਾਇਕ ਤੇ ਪ੍ਰਭਾਵਸ਼ਾਲੀ ਤਸਵੀਰ ਜ਼ਫ਼ਰਨਾਮੇ ਵਿਚ ਮੂਰਤੀਮਾਨ ਮਿਲਦੀ ਹੈ। ਸੰਗ੍ਰਾਮੀਆ ਆਪਣੇ ਸਿਰਜਣਹਾਰ ਮਾਲਕ ਦੀ ਸਿਫ਼ਤ ਗੁਣਗੁਣਾਂਦਾ ਹੋਇਆ ਆਤਮਾ ਨੂੰ ਧਰਵਾਸ ਬੰਨ੍ਹਾਉਂਦਾ ਹੈ ਕਿ ਜੇ ਪਰਮੇਸ਼ਰ ਵਰਗਾ ਮਿੱਤਰ ਮਿਹਰਵਾਨ ਹੋਵੇ ਤਾਂ ਵੈਰੀ ਭਾਵੇਂ ਸੌ ਟੱਕਰਾਂ ਮਾਰੇ, ਦੁਨੀਆ ਦੀ ਕੋਈ ਤਾਕਤ ਉਸ ਨੂੰ ਡੁਲਾ ਨਹੀਂ ਸਕਦੀ:

**ਚੂੰ ਹੱਕ ਯਾਰ ਬਾਸ਼ਦ ਚਿ ਦੁਸ਼ਮਨ ਕੁਨਦ**
**ਅਗਰ ਦੁਸ਼ਮਨੀ ਰਾ ਬਸਦ ਤਨ ਕੁਨਦ।੧੧੦।**

ਜ਼ਫ਼ਰਨਾਮੇ ਦਾ ਇਹ ਸੰਦੇਸ਼ ਸਿੰਘ ਸੰਗ੍ਰਾਮੀਆਂ ਨੂੰ ਸਦਾ ਧਰਵਾਸ ਦਿੰਦਾ ਆਇਆ ਤੇ ਉੱਜਲੇ ਭਵਿੱਸ਼ ਦੀ ਆਸ ਬੰਨ੍ਹਾਉਂਦਾ ਆਇਆ ਹੈ ਅਤੇ ਅੱਜ ਵੀ ਇਹ ਤਾਸੀਰ ਇਸ ਵਿਚ ਮੌਜੂਦ ਹੈ।

—ਪਿਆਰਾ ਸਿੰਘ ਪਦਮ

ਸੱਚੇ ਪਾਤਸ਼ਾਹ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ

ਝੂਠੇ ਬਾਦਸ਼ਾਹ ਔਰੰਗਜ਼ੇਬ ਦੇ ਨਾਂ ਲਿਖਿਆ

ਵਿਜੈ-ਪੱਤਰ

# ਜ਼ਫਰਨਾਮਾ

ਪੋਹ ੧੭੬੨ ਬਿ:

੧ੴ ਵਾਹਿਗੁਰੂ ਜੀ ਕੀ ਫ਼ਤਹਿ॥

# ਜ਼ਫ਼ਰਨਾਮਾ

**ਕਮਾਲਿ ਕਰਾਮਾਤ ਕਾਯਮ ਕਰੀਮ**
**ਰਜ਼ਾ ਬਖ਼ਸ਼ ਰਾਜ਼ਕ ਰਿਹਾਕੋ ਰਹੀਮ।੧।**

ਕਰਾਮਾਤ—ਸ਼ਕਤੀਆਂ। ਰਜ਼ਾ—ਅਨੰਦ। ਰਿਹਾਕੋ—ਬੰਦੀਛੋੜ।

ਉਹ ਸਰਬ-ਸ਼ਕਤੀਮਾਨ ਪਰਮੇਸ਼ਰ ਅਟੱਲ, ਅਡੋਲ, ਬਖ਼ਸ਼ੰਦ, ਅਨੰਦ ਦਾਤਾ ਤੇ ਅੰਨਦਾਤਾ ਹੈ ਅਤੇ ਬੰਦੀਛੋੜ ਕ੍ਰਿਪਾਲੂ ਹੈ।

**ਅਮਾਂ ਬਖ਼ਸ਼ ਬਖ਼ਸ਼ਿੰਦਹ ਓ ਦਸਤਗੀਰ**
**ਰਜ਼ਾਬਖ਼ਸ਼ ਰੋਜ਼ੀ ਦਿਹੋ ਦਿਲ-ਪਜ਼ੀਰ।੨।**

ਅਮਾਂ—ਪਨਾਹ, ਸ਼ਰਣ। ਦਿਲ ਪਜ਼ੀਰ—ਮਨਮੋਹਨ।

ਉਹ ਸ਼ਰਣ-ਪਾਲਕ, ਬਖ਼ਸ਼ਣ ਵਾਲਾ ਤੇ ਬਾਂਹ ਫੜਨ ਵਾਲਾ ਹੈ, ਭੁੱਲਾਂ ਮਾਫ਼ ਕਰਨ ਵਾਲਾ, ਰੋਜ਼ੀ ਦੇਣ ਵਾਲਾ ਅਤੇ ਦਿਲ ਨੂੰ ਮੋਹਣ ਵਾਲਾ ਹੈ।

**ਸ਼ਹਿਨਸ਼ਾਹਿ ਖ਼ੂਬੀ ਦਹੋ ਰਹਨਮੂੰ**
**ਕਿ ਬੇਗੂਨੋ ਬੇਚੂਨ ਚੂੰ ਬੇਨਮੂੰ ।੩।**

ਰਹਿਨਮੂੰ—ਰਹਿਬਰ। ਬੇਗੂੰ—ਅਰੰਗ। ਬੇਚੂੰ—ਅਰੂਪ।

ਉਹ ਰਾਜਿਆਂ ਦਾ ਮਹਾਰਾਜਾ, ਗੁਣਦਾਤਾ ਆਗੂ ਹੈ ਅਤੇ ਰੰਗ ਰੂਪ ਤੋਂ ਰਹਿਤ ਬੇਮਿਸਾਲ ਹੈ।

**ਨ ਸਾਜ਼ੋ ਨ ਬਾਜ਼ੋ ਫ਼ਉਜੋ ਨ ਫ਼ਰਸ਼**
**ਖ਼ੁਦਾਵੰਦ ਬਖ਼ਸ਼ਿੰਦਹਏ ਐਸ਼ ਅਰਸ਼ ।੪।**

ਬਾਜ਼—ਘੋੜਾ। ਐਸ਼ ਅਰਸ਼—ਸ੍ਵਰਗੀ ਸੁੱਖ।

ਜਿਸ ਪਾਸ ਕੋਈ ਸਾਜ਼-ਸਾਮਾਨ, ਘੋੜੇ, ਫ਼ੌਜ ਵਗੈਰਾ ਨਾ ਹੋਵੇ, ਉਹ ਉਸ ਨੂੰ ਵੀ ਸ੍ਵਰਗੀ ਅਨੰਦ ਬਖ਼ਸ਼ਣ ਵਾਲਾ ਹੈ।

**ਜਹਾਂ ਪਾਕ ਜ਼ਬਰਦਸਤ ਜ਼ਾਹਰ ਜ਼ਹੂਰ**
**ਅਤਾ ਮੇਦਿਹਦ ਹਮਚੁ ਹਾਜ਼ਰ ਹਜ਼ੂਰ ।੫।**

ਅਤਾ—ਬਖ਼ਸ਼ਿਸ਼।

ਸੰਸਾਰ ਤੋਂ ਨਿਰਲੇਪ, ਸਾਖਿਆਤ ਰੂਪ ਸਮਰੱਥਾ ਵਾਲਾ ਹੈ, ਉਹ ਬਖ਼ਸ਼ਿਸ਼ ਬਖ਼ਸ਼ਣ ਵਾਲਾ, ਮਾਨੋ ਹਰ ਥਾਂ ਹਾਜ਼ਰ-ਨਾਜ਼ਰ ਹੈ।

**ਅਤਾ ਬਖ਼ਸ਼ ਓ ਪਾਕ ਪਰਵਰਦਗਾਰ**
**ਰਹੀਮਸਤੁ ਰੋਜ਼ੀ ਦਿਹੋ ਹਰ ਦਯਾਰ। ੬।**

ਅਤਾ ਬਖ਼ਸ਼—ਦਾਤਾਂ ਦੇਣ ਵਾਲਾ। ਦਯਾਰ—ਥਾਂ।

ਉਹ ਪਰਮਾਤਮਾ ਦਾਤਾਂ ਦੇਣ ਵਾਲਾ, ਪਵਿੱਤਰ ਤੇ ਪਾਲਣਹਾਰ ਹੈ, ਉਹ ਦਿਆਲੂ ਕ੍ਰਿਪਾਲੂ ਹਰ ਥਾਂ ਰੋਜ਼ੀ ਪਹੁੰਚਾਉਣ ਵਾਲਾ ਹੈ।

**ਕਿ ਸਾਹਿਬਿ ਦਯਾਰਸਤ ਆਜ਼ਮ ਅਜ਼ੀਮ**
**ਕਿ ਹੁਸਨੁਲ ਜਮਾਲਸਤ ਰਾਜ਼ਕ ਰਹੀਮ। ੭।**

ਦਯਾਰ—ਦੇਸ। ਹੁਸਨੁਲ ਜਮਾਲ—ਅਤਿ ਸੁੰਦਰ।

ਉਹ ਪਰਮਾਤਮਾ ਦੇਸਾਂ ਦੇਸਾਂ ਦਾ ਵਾਲੀ ਤੇ ਵੱਡਿਆਂ ਤੋਂ ਵੱਡਾ ਹੈ। ਉਹ ਸਭ ਤੋਂ ਸੁੰਦਰ, ਰਿਜ਼ਕ ਦਾਤਾ ਤੇ ਰਹਿਮਤਾਂ ਕਰਨ ਵਾਲਾ ਹੈ।

**ਕਿ ਸਾਹਿਬਿ ਸ਼ਊਰਸਤ ਆਜਿਜ਼ ਨਿਵਾਜ਼**
**ਗ਼ਰੀਬੁਲ ਪ੍ਰਸਤੋ ਗ਼ਨੀਮੁਲ ਗੁਦਾਜ਼। ੮।**

ਸਾਹਿਬਿ ਸ਼ਊਰ—ਪਰਮ ਬੁਧਿਮਾਨ। ਗ਼ਨੀਮ—ਵੈਰੀ, ਦੋਖੀ।

ਉਹ ਪਰਮ ਬੁੱਧੀਮਾਨਤਾ ਦਾ ਮਾਲਕ ਹੈ ਤੇ ਨਿਮਾਣਿਆਂ ਨਿਤਾਣਿਆਂ ਨੂੰ ਨਿਵਾਜ਼ਣ ਵਾਲਾ ਹੈ। ਉਹ ਅਨਾਥਾਂ ਗ਼ਰੀਬਾਂ ਦਾ ਪਾਲਣਹਾਰਾ ਤੇ ਦੁਸ਼ਮਣਾਂ ਦੋਖੀਆਂ ਨੂੰ ਖੈ ਕਰਨ ਵਾਲਾ ਹੈ।

ਸ਼ਰੀਅਤ ਪ੍ਰਸਤੋ ਫ਼ਜ਼ੀਲਤ ਮੁਆਬ
ਹਕੀਕਤ ਸ਼ਨਾਸੋ ਨਬੀਉਲ ਕਿਤਾਬ।੯।

ਫ਼ਜ਼ੀਲਤ—ਵਡਿਆਈ। ਮੁਆਬ—ਕੇਂਦਰ, ਟਿਕਾਣਾ।

ਉਹ ਧਰਮ-ਪਾਲਕ ਤੇ ਮਾਣ ਵਡਿਆਈ ਦਾ ਕੇਂਦਰ ਹੈ। ਉਹ ਤੱਤ ਨੂੰ ਪਛਾਣਨ ਵਾਲਾ ਤੇ ਧਰਮ-ਗ੍ਰੰਥਾਂ ਦਾ ਪ੍ਰਕਾਸ਼ਕ ਸੋਮਾ ਹੈ।

ਕਿ ਦਾਨਸ਼ ਪਜ਼ੂਹਸਤ ਸਾਹਿਬਿ ਸ਼ਊਰ
ਹਕੀਕਤ ਸ਼ਨਾਸਸਤੋ ਜ਼ਾਹਿਰ ਜ਼ਹੂਰ।੧੦।

ਉਹ ਨਿਪੁੰਨਤਾ ਦਾ ਪੁੰਜ, ਦਾਨਾਈ ਦਾ ਖੋਜੀ ਹੈ, ਉਹ ਤੱਤਵੇਤਾ ਅਸਲੀਅਤ ਜਾਣਨ ਵਾਲਾ ਹਰ ਥਾਂ ਪ੍ਰਗਟ ਪ੍ਰਤੱਖ ਹੈ।

ਸ਼ਨਾਸਿੰਦਏ ਇਲਮਿ ਆਲਮ ਖ਼ੁਦਾਇ
ਕੁਸ਼ਾਇੰਦਏ ਕਾਰਿ ਆਲਮ ਕੁਸ਼ਾਇ।੧੧।

ਆਲਮ—ਸੰਸਾਰ। ਕੁਸ਼ਾਇੰਦਾ—ਖੋਲ੍ਹਣ ਵਾਲਾ।

ਉਹ ਸੰਸਾਰ ਦੇ ਸਭ ਇਲਮਾਂ ਦਾ ਜਾਣੂ ਮਾਲਕ ਹੈ ਤੇ ਦੁਨਿਆਵੀ ਗੁੰਝਲਾਂ ਖੋਲ੍ਹਣ ਵਾਲਾ ਭਾਵ ਔਕੜਾਂ ਦੂਰ ਕਰਨ ਵਾਲਾ ਸਵਾਰਣਹਾਰ ਹੈ।

**ਗੁਜ਼ਾਰਿੰਦਏ ਕਾਰਿ ਆਲਮ ਕਬੀਰ**
**ਸ਼ਨਾਸਿੰਦਏ ਇਲਮਿ ਆਲਮ ਅਮੀਰ।੧੨।**

ਆਲਮ ਕਬੀਰ—ਵੱਡਾ ਸੰਸਾਰ। ਸ਼ਨਾਸਿੰਦਾ—ਜਾਣੂ।

ਉਹ ਮਹਾਨ ਹਸਤੀ ਇਸ ਵੱਡੇ ਸੰਸਾਰ ਦੇ ਕਾਰੋਬਾਰ ਨੂੰ ਚਲਾਉਣ ਵਾਲੀ ਹੈ, ਉਸ ਸ਼ਿਰੋਮਣੀ ਮਾਲਕ ਨੂੰ ਸਾਰੇ ਸੰਸਾਰ ਦੀ ਸੋਝੀ ਹੈ।

ਅਕਾਲੀ ਮੰਗਲਾਚਰਣ ਤੋਂ ਬਾਅਦ ਗੁਰੂ ਸਾਹਿਬ ਚਿੱਠੀ ਦੇ ਅਸਲ ਮਜ਼ਮੂਨ ਵੱਲ ਆਉਂਦੇ ਆਪਣੀ ਦਾਸਤਾਨ—ਵਿਥਿਆ ਇਉਂ ਬਿਆਨ ਕਰਦੇ ਹਨ :

## ਦਾਸਤਾਨ

**ਮਰਾ ਏਅਤਬਾਰੇ ਬਰੀਂ ਕਸਮ ਨੇਸਤ**
**ਕਿ ਏਜ਼ਦ ਗਵਾਹਸਤੁ ਯਜ਼ਦਾਂ ਯਕੇਸਤ।੧੩।**

ਮਰਾ—ਮੈਨੂੰ। ਏਜ਼ਦ, ਯਜ਼ਦਾਂ—ਪਰਮੇਸ਼ਰ।

ਇਕੋ ਇਕ ਅਕਾਲ ਪੁਰਖ ਸਾਖੀ ਹੈ ਕਿ ਮੈਨੂੰ ਤੇਰੀ ਇਸ ਕਸਮ ਉੱਤੇ ਕੋਈ ਭਰੋਸਾ ਨਹੀਂ।

**ਨ ਕਤਰਹ ਮਰਾ ਏਤਬਾਰੇ ਬਰੋਸਤ**
**ਕਿ ਬਖ਼ਸ਼ੀ ਵ ਦੀਵਾਂ ਹਮਾ ਕਿਜ਼ਬ ਗੋਸਤ ।੧੪।**

ਬਖ਼ਸ਼ੀ—ਫ਼ੌਜਦਾਰ। ਦੀਵਾਂ—ਵਜ਼ੀਰ ਮਾਲ, ਕਿਜ਼ਬ ਗੋ—ਝੂਠ ਬੋਲਣ ਵਾਲੇ।

ਮੈਨੂੰ ਉਸ ਉੱਤੇ ਰਤਾ ਭਰ ਵੀ ਭਰੋਸਾ ਨਹੀਂ, ਜਿਸ ਦੇ ਬਖ਼ਸ਼ੀ ਤੇ ਦੀਵਾਨ (ਸੈਨਿਕ ਤੇ ਅਸੈਨਿਕ ਅਧਿਕਾਰੀ ਦੋਵੇਂ) ਸਾਰੇ ਹੀ ਝੂਠ ਬੋਲਣ ਵਾਲੇ ਹਨ।

**ਕਸੇ ਕਉਲਿ ਕੁਰਆਂ ਕੁਨਦ ਏਤਬਾਰ**
**ਹਮਾ ਰੋਜ਼ਿ ਆਖ਼ਰ ਸ਼ਵਦ ਮਰਦ ਖ਼੍ਵਾਰ ।੧੫।**

ਕਸੇ—ਕੋਈ। ਸ਼ਵਦ—ਹੁੰਦਾ ਹੈ।

ਜੋ ਕੋਈ ਆਦਮੀ (ਤੇਰੀ) ਕੁਰਾਨ ਦੀ ਸਹੁੰ ਉੱਤੇ ਇਤਬਾਰ ਕਰ ਲਵੇ, ਉਹ ਅੰਤ ਨੂੰ ਖ਼ੁਆਰ ਹੁੰਦਾ ਹੈ।

**ਹੁਮਾ ਰਾ ਕਸੇ ਸਾਯਹ ਆਯਦ ਬਜ਼ੇਰ**
**ਬਰੋ ਦਸਤ ਦਾਰਦ ਨ ਜ਼ਾਗ਼ੇ ਦਲੇਰ ।੧੬।**

ਹੁਮਾ—ਇਕ ਭਾਗਵਾਨ ਪੰਛੀ, ਜਿਸ ਦੇ ਸਾਏ ਹੇਠ ਆ ਕੇ ਬੰਦੇ ਦਾ ਬਾਦਸ਼ਾਹ ਬਣਨਾ ਮੰਨਿਆ ਜਾਂਦਾ ਹੈ। ਦਸਤ—ਹੱਥ। ਜ਼ਾਗ਼—ਕਾਂ।

ਪਰ ਜੋ ਕੋਈ ਹੁਮਾ ਦੇ ਪਰਛਾਵੇਂ ਹੇਠ ਆ ਗਿਆ, ਉਸ ਨੂੰ ਚਾਲਾਕ ਕਾਂ ਹੱਥ ਨਹੀਂ ਪਾ ਸਕਦਾ।

**ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ**
**ਨ ਗੀਰਦ ਬੁਜ਼ੋ ਮੇਸ਼ੋ ਆਹੂ ਗੁਜ਼ਰ ।੧੭।**

ਪੁਸ਼ਤ—ਪਿੱਠ। ਬੁਜ਼ੋ ਮੇਸ਼ੋ—ਬੱਕਰੀ ਤੇ ਭੇਡ। ਆਹੂ—ਹਿਰਨ।

ਜੋ ਕੋਈ ਵੀ ਨਰ ਸ਼ੇਰ ਦੀ ਸ਼ਰਣ ਲੈ ਲੈਂਦਾ ਹੈ, ਬੱਕਰੀ, ਭੇਡ ਅਤੇ ਹਿਰਨ ਆਦਿ ਉਸ ਦੇ ਲਾਗੇ ਦੀ ਨਹੀਂ ਲੰਘ ਸਕਦੇ।

**ਕਸਮ ਮੁਸਹਫ਼ੇ ਖ਼ੁਦ ਅਗਰ ਈਂ ਖ਼ੁਰਮ**
**ਨ ਫ਼ੌਜੇ ਅਜ਼ੀਂ ਜ਼ੇਰਿ ਸੁਮ ਅਫ਼ਗਨਮ ।੧੮।**

ਮੁਸਹਫ਼—ਕੁਰਾਨ। ਅਫ਼ਗਨਮ—ਹੇਠ ਧਰਦਾ।

ਜੇਕਰ ਮੈਂ ਵੀ ਅਜਿਹੀ ਕੁਰਾਨ ਦੀ ਫ਼ਰੇਬ ਭਰੀ ਕਸਮ ਖਾ ਲੈਂਦਾ ਤਾਂ ਕਦੀ ਆਪਣੀ ਫ਼ੌਜ ਦਾ ਪੈਰ (ਪਹਾੜੋਂ) ਹੇਠ ਨਾ ਧਰਦਾ।

**ਗਰਸਨਹ ਚਿ ਕਾਰਿ ਕੁਨਦ ਚਿਹਲ ਨਰ**
**ਕਿ ਦਹਲਕ ਬਰਾਯਦ ਬਰੋ ਬੇਖ਼ਬਰ ।੧੯।**

ਚਿਹਲ—ਚਾਲੀ। ਦਹਲਕ—ਦਸ ਲੱਖ, ਭਾਵ ਬੇਸ਼ੁਮਾਰ।

ਭੁੱਖਣ-ਭਾਣੇ ਚਾਲੀ ਆਦਮੀ ਕੀ ਕਰਦੇ, ਜੇ ਉਨ੍ਹਾਂ 'ਤੇ ਅਚੇਤ ਹੀ ਅਣਗਿਣਤ ਭੀੜ ਜਾਂ ਮੁਲਖਈਆ ਟੁੱਟ ਪਵੇ।

**ਕਿ ਪੈਮਾਂਸ਼ਿਕਨ ਬੇਦਰੰਗ ਆਮਦੰਦ**
**ਮਯਾਂ ਤੇਗ਼ੁ ਤੀਰੋ ਤੁਫ਼ੰਗ ਆਮਦੰਦ।੨੦।**

ਬੇਦਰੰਗ—ਬਿਨਾ ਦੇਰੀ ਦੇ, ਝਟਪਟ। ਤੁਫ਼ੰਗ—ਬੰਦੂਕ।

ਇਹ ਵਾਅਦਾ ਤੋੜਨ ਵਾਲੇ ਝਟਪਟ ਆਏ ਤੇ ਉਨ੍ਹਾਂ ਤੇਗ਼, ਤੀਰ ਤੇ ਬੰਦੂਕਾਂ ਚਲਾਉਣੀਆਂ ਅਰੰਭ ਦਿੱਤੀਆਂ।

**ਬ ਲਾਚਾਰਗੀ ਦਰਮਯਾਂ ਆਮਦੰਦ**
**ਬਤਦਬੀਰਿ ਤੀਰੋ ਤੁਫ਼ੰਗ ਆਮਦੰਦ।੨੧।**

ਬ ਲਾਚਾਰਗੀ—ਮਜਬੂਰੀ ਨਾਲ।

ਮਜਬੂਰ ਹੋ ਕੇ ਮੈਂ ਵੀ ਸੰਗ੍ਰਾਮ ਵਿਚ ਆਇਆ ਅਤੇ ਤੀਰ ਤੁਫੰਗ ਦੀ ਵਿਧੀ ਵਰਤੀ।

**ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।੨੨।**

ਹਮਾ—ਸਾਰੇ। ਹਲਾਲ—ਜਾਇਜ਼। ਸ਼ਮਸ਼ੀਰ—ਤਲਵਾਰ।

ਜਦੋਂ ਕੋਈ ਕੰਮ ਸਭ ਉਪਾਵਾ ਤੋਂ ਲੰਘ ਜਾਵੇ ਤਾਂ ਉਸ ਸਮੇਂ ਤਲਵਾਰ ਦੀ ਮੁੱਠ ਉੱਤੇ ਹੱਥ ਰੱਖਣਾ ਜਾਇਜ਼ ਹੀ ਹੈ।

**ਚਿ ਕਸਮਿ ਕੁਰਆਂ ਮਨ ਕੁਨਮ ਏਤਬਾਰ**
**ਵਗਰਨਹ ਤੁ ਗੋਈ ਮਨ ਈਂ ਰਹ ਚਿ ਕਾਰ।੨੩।**

ਮੈਂ ਹੁਣ ਤੇਰੀ ਕੁਰਾਨ ਦੀ ਕਸਮ ਦਾ ਕੀ ਇਤਬਾਰ ਕਰਾਂ। ਤੂੰਹੀਓਂ ਦੱਸ, ਮੈਨੂੰ ਅਜਿਹਾ ਕਰਨ ਦੀ ਕੀ ਲੋੜ ਸੀ।

**ਨ ਦਾਨਮ ਕਿ ਈਂ ਮਰਦਿ ਰੋਬਾਹਿ ਪੇਚ**
**ਵਗਰ ਹਰਗਿਜ਼ੀਂ ਰਾਹ ਨਿਯਾਰਦ ਬਹੇਚ।੨੪।**

ਰੋਬਾਹਿ—ਲੂੰਮੜੀ। ਨਯਾਰਦ—ਨਹੀਂ ਲਿਆ ਸਕਦੀ।

ਮੈਨੂੰ ਇਸ ਲੂਮੜ-ਨੀਤੀ ਵਾਲੇ ਕਪਟੀ ਦਾ ਪਤਾ ਨਹੀਂ ਸੀ, ਵਰਨਾ ਹੋਰ ਕੋਈ ਗੱਲ ਇਸ ਪਾਸੇ ਮੈਨੂੰ ਨਹੀਂ ਸੀ ਲਿਆ ਸਕਦੀ।

**ਹਰਾਂ ਕਸ ਕਿ ਕਉਲੇ ਕੁਰਾਂ ਆਯਦਸ਼**
**ਨਜ਼ੋ ਬਸਤਨੋ ਕੁਸ਼ਤਨੋ ਆਯਦਸ਼।੨੫।**

ਬਸਤਨੋ—ਬੰਨ੍ਹ ਕੇ ਕੈਦ ਕਰਨਾ, ਕੁਸ਼ਤਨ—ਮਾਰਨਾ।

ਜੋ ਕੋਈ ਕੁਰਾਨ ਦੀ ਕਸਮ 'ਤੇ ਇਤਬਾਰ ਕਰ ਕੇ ਆਵੇ, ਉਸ ਨੂੰ ਪਕੜਨਾ ਯਾ ਮਾਰਨਾ ਮੁਨਾਸਬ ਨਹੀਂ।

**ਬਰੰਗੇ ਮਗਸ ਸਯਾਹਪੋਸ਼ ਆਮਦੰਦ**
**ਬਯਕ ਬਾਰਗੀ ਦਰ ਖ਼ਰੋਸ਼ ਆਮਦੰਦ।੨੬।**

ਮਗਸ—ਮੱਖੀ। ਖ਼ਰੋਸ਼—ਰੌਲਾ, ਸ਼ੋਰ।

ਕਾਲੀ ਪੋਸ਼ ਫ਼ੌਜੀ, ਡੂਮਣੇ ਮਖਿਆਲ ਵਾਂਙ ਆਏ ਤੇ ਇਕਦਮ ਸ਼ੋਰ ਮਚਾਉਣ ਲੱਗ ਪਏ।

**ਹਰਾਂ ਕਸ ਜ਼ਿ ਦੀਵਾਰ ਆਮਦ ਬਿਰੂੰ**
**ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ।੨੭।**

ਬਿਰੂੰ—ਬਾਹਰ। ਬਖ਼ੁਰਦਨ—ਖਾਣ ਨਾਲ।

ਜੋ ਵੀ ਕੋਈ (ਚਮਕੌਰ ਦੀ ਕੱਚੀ ਗੜ੍ਹੀ ਦੀ) ਦੀਵਾਰ ਦੀ ਓਟ ਤੋਂ ਜ਼ਰਾ ਬਾਹਰ ਆਇਆ, ਉਹ ਇਕੋ ਤੀਰ ਨਾਲ ਲਹੂ ਵਿਚ ਡੋਬ ਦਿੱਤਾ ਗਿਆ।

**ਨ ਬੇਰੂੰ ਨਿਆਮਦ, ਕਸੇ ਜ਼ਾਂ ਦੀਵਾਰ**
**ਨ ਖ਼ੁਰਦੰਦ ਤੀਰੋ ਨ ਗ਼ਸ਼ਤੰਦ ਖ਼੍ਵਾਰ।੨੮।**

ਖ਼ੁਰਦੰਦ—ਖਾਧੇ। ਗ਼ਸ਼ਤੰਦ—ਹੋਏ।

ਫਿਰ ਉਸ ਦੀਵਾਰ ਤੋਂ ਕੋਈ ਵੀ ਬਾਹਰ ਅੱਗੇ ਨਾ ਆਇਆ। ਨਾ ਉਨ੍ਹਾਂ ਤੀਰ ਖਾਧੇ ਤੇ ਨਾ ਹੀ ਉਹ ਖ਼ੁਆਰ ਹੋਏ।

**ਚੁ ਦੀਦਮ ਕਿ ਨਾਹਰ ਬਿਆਮਦ ਬ ਜੰਗ**
**ਚਸ਼ੀਦਹ ਯਕੇ ਤੀਰ ਮਨ ਬੇਦਰੰਗ ।੨੯।**

ਨਾਹਰ ਖ਼ਾਂ—ਕੋਟਲੇ ਵਾਲੇ ਨਵਾਬ ਦਾ ਭਾਈ। ਚਸ਼ੀਦਹ—ਚੱਖਿਆ।

ਜਦੋਂ ਮੈਂ ਨਾਹਰ ਖ਼ਾਂ ਨੂੰ ਜੰਗ ਵਿਚ ਆਇਆ ਤੱਕਿਆ ਤਾਂ ਉਸ ਨੇ ਫ਼ੌਰਨ ਮੇਰੇ ਤੀਰ ਦਾ ਸੁਆਦ ਚੱਖਿਆ, ਭਾਵ ਮਾਰਿਆ ਗਿਆ।

**ਹਮਾਖ਼ਰ ਗੁਰੇਜ਼ੰਦ ਬਜਾਏ ਮੁਸਾਫ਼**
**ਬਸੇ ਖ਼ਾਨ ਗਰਦੰਦ ਬੇਰੂੰ ਗੁਜ਼ਾਫ਼ ।੩੦।**

ਗੁਰੇਜ਼ੰਦ—ਦੌੜੇ ਭੱਜੇ। ਬਜਾਏ ਮੁਸਾਫ਼—ਯੁੱਧ ਭੂਮੀ। ਗ਼ਜ਼ਾਫ਼—ਗੱਪੀ। ਬਸੇ—ਕਈ।

ਆਖ਼ਰ ਕਾਰ ਕਿਤਨੇ ਹੀ ਸ਼ੇਖ਼ੀਖ਼ੋਰੇ ਗੱਪੀ ਪਠਾਣ ਰਣਭੂਮੀ ਵਿਚੋਂ ਬਾਹਰ ਭੱਜ ਨਿਕਲੇ।

**ਕਿ ਅਫ਼ਗਾਨਿ ਦੀਗਰ ਬਿਆਮਦ ਬ ਜੰਗ**
**ਚੁ ਸੈਲੇਂ ਰਵਾਂ ਹਮਚੂੰ ਤੀਰੋ ਤੁਫ਼ੰਗ ।੩੧।**

ਸੈਲੇ ਰਵਾਂ—ਹੜ੍ਹ। ਹਮਚੂੰ—ਵਾਂਙ।

ਇਸ ਪਿੱਛੋਂ ਇਕ ਹੋਰ ਪਠਾਣ ਮੈਦਾਨੇ ਜੰਗ ਵਿਚ ਤੇਜ਼ ਹੜ੍ਹ ਵਾਂਙ ਤੇ ਤੀਰ-ਤੁਫ਼ੰਗ ਗੋਲੀ ਦੀ ਤਰ੍ਹਾਂ ਤੇਜ਼ੀ ਨਾਲ ਅੱਗੇ ਵਧਿਆ।

**ਬਸੇ ਹਮਲਾ ਕਰਦੰਦ ਬ-ਮਰਦਾਨਗੀ**
**ਹਮ ਅਜ਼ ਹੋਸ਼ਗੀ ਹਮਅਜ਼ ਦੀਵਾਨਗੀ।੩੨।**

ਉਸ ਨੇ ਬਹਾਦਰੀ ਨਾਲ ਕਈ ਹਮਲੇ ਕੀਤੇ, ਕੁਝ ਸੂਝ-ਬੂਝ ਨਾਲ ਤੇ ਕੁਝ ਝੱਲਪੁਣੇ ਨਾਲ ਵੀ।

**ਬਸੇ ਹਮਲਾ ਕਰਦੰਦ ਬਸੇ ਜ਼ਖ਼ਮ ਖ਼ੁਰਦ**
**ਦੁ ਕਸ ਰਾ ਬਜਾਂ ਕੁਸ਼ਤ ਹਮ ਜਾਂ ਸਪੁਰਦ।੩੩।**

ਖ਼ੁਰਦ—ਖਾਧਾ। ਕੁਸ਼ਤ—ਮਾਰ ਕੇ।

ਉਸ ਕਈ ਹਮਲੇ ਕੀਤੇ, ਕਈ ਫੱਟ ਵੀ ਖਾਧੇ। ਦੋ ਜਣਿਆਂ ਨੂੰ ਮਾਰ ਕੇ ਉਹ ਆਪ ਵੀ ਆਪਣੀ ਜਾਨ ਦੇ ਗਿਆ।

**ਕਿ ਆਂ ਖ਼੍ਵਾਜਾ ਮਰਦੂਦ ਸਾਯਹ ਦੀਵਾਰ**
**ਬਮੈਦਾਂ ਨਿਆਮਦ ਬਮਰਦਾਨਹ ਵਾਰ।੩੪।**

ਖ਼੍ਵਾਜਾ—ਸਰਦਾਰ। ਮਰਦੂਦ—ਕਾਇਰ, ਬੁਜ਼ਦਿਲ।

ਪਰ ਇਸ ਫ਼ੌਜ ਦਾ ਬੁਜ਼ਦਿਲ ਸਰਦਾਰ ਗੜ੍ਹੀ ਦੀ ਦੀਵਾਰ ਦੇ ਉਹਲੇ ਹੀ ਰਿਹਾ, ਬਹਾਦਰਾਂ ਵਾਂਙ ਮੈਦਾਨ ਵਿਚ ਸਾਹਮਣੇ ਨਾ ਆਇਆ।

ਦਰੇਗ਼ਾ ! ਅਗਰ ਰੂਇ ਓ ਦੀਦਮੇ
ਬਯਕ ਤੀਰ ਲਾਚਾਰ ਬਖ਼ਸ਼ੀਦਮੇ ।੩੫।

ਦਰੇਗ਼ਾ—ਅਫ਼ਸੋਸ। ਰੂਇ—ਮੂੰਹ, ਚਿਹਰਾ।

ਅਫ਼ਸੋਸ! ਜੇ ਮੈਂ ਕਿਤੇ ਉਸ ਦਾ ਮੂੰਹ ਤੱਕ ਲੈਂਦਾ ਤਾਂ ਇਕ ਤੀਰ ਜ਼ਰੂਰ ਉਸ ਨੂੰ ਵੀ ਬਖ਼ਸ਼ਦਾ।

ਹਮਾਖ਼ਰ ਬਸੇ ਜ਼ਖ਼ਮਿ ਤੀਰੋ ਤੁਫ਼ੰਗ
ਦੁਸੂਏ ਬਸੇ ਕੁਸ਼ਤਹ ਸ਼ੁਦ ਬੇਦਰੰਗ ।੩੬।

ਦੁਸੂਏ—ਦੋ ਪਾਸਿਆਂ। ਬੇਦਰੰਗ—ਬਿਨਾ ਦੇਰ ਦੇ।

ਆਖ਼ਰ ਤੀਰਾਂ ਤੇ ਬੰਦੂਕਾਂ ਦੇ ਫੱਟ ਖਾ ਕੇ ਥੋੜ੍ਹੇ ਚਿਰ ਵਿਚ ਹੀ ਦੋਹਾਂ ਪਾਸਿਆਂ ਦੇ ਕਾਫ਼ੀ ਲੋਕ ਮਾਰੇ ਗਏ।

ਬਸੇ ਬਾਰ ਬਾਰੀਦ ਤੀਰੋ ਤੁਫ਼ੰਗ
ਜ਼ਿਮੀਂ ਗਸ਼ਤ ਹਮਚੂੰ ਗੁਲੇ ਲਾਲਹ ਰੰਗ ।੩੭।

ਬਾਰੀਦ—ਬਰਸੀ। ਗੁਲੇ ਲਾਲਾ—ਪੋਸਤ ਦਾ ਫੁੱਲ।

ਤੀਰਾਂ ਤੇ ਗੋਲੀਆਂ ਦੀ ਇਤਨੀ ਬੁਛਾੜ ਹੋਈ ਕਿ ਧਰਤੀ ਲਹੂ ਨਾਲ ਰੰਗੀਜ ਕੇ ਪੋਸਤ ਦੇ ਫੁੱਲ ਵਾਂਙ ਲਾਲੋ ਲਾਲ ਹੋ ਗਈ।

**ਸਰੋ ਪਾਇ ਅੰਬੋਹੁ ਚੰਦਾਂ ਸ਼ੁਦਹ**
**ਕਿ ਮੈਦਾਂ ਪੁਰਜ਼ ਗੋਇ ਚੌਗਾਂ ਸ਼ੁਦਹ।੩੮।**

ਅੰਬੋਹ—ਢੇਰ। ਗੋਇ—ਗੇਂਦ। ਚੌਗਾਂ—ਖੂੰਡੀ।

ਮਾਰੇ ਗਏ ਬੰਦਿਆਂ ਦੇ ਸਿਰਾਂ ਪੈਰਾਂ ਦੇ ਇਉਂ ਢੇਰ ਲੱਗ ਗਏ, ਜਿਵੇਂ ਕਿ ਖੇਡ ਦਾ ਮੈਦਾਨ ਖਿੱਦੋ ਖੂੰਡੀਆਂ ਨਾਲ ਭਰਿਆ ਹੋਵੇ।

**ਤਰੰਕਾਰਿ ਤੀਰੋ ਤੁਫ਼ੰਗੋ ਕਮਾਂ**
**ਬਰਾਮਦ ਯਕੇ 'ਹਾ ਓ ਹੂ' ਅਜ਼ ਜਹਾਂ।੩੯।**

ਤਰੰਕਾਰਿ—ਟਣਕਾਰ, ਖੜਕਾ। ਹਾ ਓ ਹੂ—ਹਾਹਾਕਾਰ।

ਇਨ੍ਹਾਂ ਤੀਰਾਂ ਬੰਦੂਕਾਂ ਦੀ ਕੜਕੜਾਹਟ ਨਾਲ ਇਕ ਤਰ੍ਹਾਂ ਲੋਕਾਂ ਵਿਚ ਚੀਕ-ਚਿਹਾੜਾ ਪੈ ਗਿਆ।

**ਦਿਗਰ ਸ਼ੋਰਸ਼ੇ ਕੈਬਰੇ ਕੀਨਹ-ਕੋਸ਼**
**ਜ਼ਿ ਮਰਦਾਨਿ ਮਰਦਾਂ ਬਰੂੰ ਰਫ਼ਤ ਹੋਸ਼।੪੦।**

ਕੈਬਰ—ਬਰਛਾ। ਕੀਨਾ ਕੋਸ਼—ਦ੍ਵੈਸ਼ੀ, ਮਾਰੂ।

ਇਸ ਪਿੱਛੋਂ ਕੀਨਾਖ਼ੋਰ ਜਾਬਰ ਬਰਛਿਆਂ ਨੇ ਐਸੀ ਗੜਬੜ ਮਚਾ ਦਿੱਤੀ ਕਿ ਵੱਡੇ ਵੱਡੇ ਸੂਰਮਿਆਂ ਦੀ ਮੱਤ ਮਾਰੀ ਗਈ।

**ਹਮਾਖ਼ਰ ਚਿ ਮਰਦੀ ਕੁਨਦ ਕਾਰਜ਼ਾਰ**
**ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ।੪੧।**

ਮਰਦੀ—ਮਰਦਾਨਗੀ, ਸੂਰਮਗਤੀ। ਚਿਹਲ ਤਨ—ਚਾਲੀ ਆਦਮੀ।

ਆਖ਼ਰ ਲੜਾਈ ਵਿਚ ਇਕੱਲੀ ਸੂਰਮਗਤੀ ਕੀ ਕਰਦੀ, ਜਦੋਂ ਕਿ ਚਾਲੀਆਂ ਉੱਤੇ ਬੇਸ਼ੁਮਾਰ ਟਿੱਡੀ ਦਲ ਚੜ੍ਹ ਆਇਆ।

**ਚਰਾਗ਼ੇ ਜਹਾਂ ਚੂੰ ਸ਼ੁਦਹ ਬੁਰਕਾਪੋਸ਼**
**ਸ਼ਹੇ ਸ਼ਬ ਬਰਾਮਦ ਹਮਹ ਜਲਵਾ ਜੋਸ਼।੪੨।**

ਜਦੋਂ ਦੁਨੀਆ ਦੇ ਦੀਵੇ (ਸੂਰਜ) ਨੇ ਮੂੰਹ ਢੱਕ ਲਿਆ ਤਾਂ ਰਾਤ ਦਾ ਰਾਜਾ ਚੰਦ੍ਰਮਾ ਪੂਰੀ ਸੱਜ ਧੱਜ ਨਾਲ ਆਇਆ (ਇਸ ਦਿਨ ਮੱਘਰ ਸੁਦੀ ਤ੍ਰੌਦਸੀ ਸੀ ਤੇ ਪ੍ਰਵਿਸ਼ਟਾ ੧੭ ਮੱਘਰ*)।

**ਹਰਾਂ ਕਸ ਕਿ ਕਉਲੇ ਕੁਰਆਂ ਆਯਦਸ਼**
**ਕਿ ਯਜ਼ਦਾਂ ਬਰੋ ਰਹਿਨੁਮਾ ਆਯਦਸ਼।੪੩।**

ਹਰਾਂ ਕਸ—ਜੋ ਕੋਈ। ਯਜ਼ਦਾਂ—ਰੱਬ।

ਜੋ ਕੋਈ ਕੁਰਾਨ ਦੀ ਕਸਮ 'ਤੇ ਇਤਬਾਰ ਕਰ ਕੇ ਆ ਵੀ ਜਾਂਦਾ ਹੈ (ਭਾਵੇਂ ਉਹ ਝੂਠੀ ਨਿਕਲੇ) ਉਸ ਦੀ ਅਗਵਾਈ ਰੱਬ ਆਪ ਕਰਦਾ ਹੈ।

---

*ਕੇਸਰ ਸਿੰਘ ਛਿੱਬਰ ਤੇ ਗੁਲਾਬ ਸਿੰਘ ਨੇ *ਗੁਰਪ੍ਰਣਾਲੀ* ਵਿਚ ਵੀ ਇਹੋ ਮਿਤੀ ਦਿੱਤੀ ਹੈ।

**ਨ ਪੇਚੀਦਾ ਮੂਇ ਨ ਰੰਜੀਦਹ ਤਨ**
**ਕਿ ਬੇਰੂੰ ਖ਼ੁਦਾਵਰਦ ਦੁਸ਼ਮਨ ਸ਼ਿਕਨ ।੪੪।**

ਮੂਇ—ਵਾਲ। ਰੰਜੀਦਾ—ਦੁਖੀ।

ਸਾਡਾ ਜ਼ਰਾ ਵਾਲ ਵਿੰਗਾ ਨਾ ਹੋਇਆ, ਨਾ ਕੋਈ ਕਸ਼ਟ ਹੋਇਆ, ਉਹ ਮਾਰਖ਼ੋਰੇ ਵੈਰੀਆਂ ਵਿਚੋਂ ਸਾਨੂੰ ਆਪ ਕੱਢ ਲਿਆਇਆ।

**ਨ ਦਾਨਮ ਕਿ ਈਂ ਮਰਦਿ ਪੈਮਾਂ-ਸ਼ਿਕਨ**
**ਕਿ ਦੌਲਤ ਪ੍ਰਸਤਸਤੁ ਈਮਾਂ ਫ਼ਿਗਨ ।੪੫।**

ਪੈਮਾਂ-ਸ਼ਿਕਨ—ਵਾਅਦਾ ਤੋੜਨ ਵਾਲਾ। ਈਮਾਂ ਫ਼ਿਗਨ—ਭਾਵ ਬੇਈਮਾਨ।

ਮੈਂ ਵਾਅਦਾ ਸ਼ਿਕਨੀ ਕਰਨ ਵਾਲੇ ਇਸ ਮਰਦ ਤੋਂ ਵਾਕਫ਼ ਨਹੀਂ ਸਾਂ, ਮੈਨੂੰ ਨਹੀਂ ਸੀ ਪਤਾ ਕਿ ਇਹ ਟਕਾਪੰਥੀ, ਧਰਮ ਈਮਾਨ ਨੂੰ ਪਰੇ ਸੁੱਟਣ ਵਾਲਾ ਹੈ।

**ਨ ਈਮਾਂ ਪ੍ਰਸਤੀ, ਨ ਅਉਜ਼ਾਇ ਦੀਂ**
**ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀਂ ।੪੬।**

ਅਉਜ਼ਾਇ—ਨੇਮ, ਰੀਤਿ।

ਔਰੰਗਜ਼ੇਬ! ਨਾ ਤੂੰ ਧਰਮ ਈਮਾਨ ਉੱਤੇ ਕਾਇਮ ਹੈਂ ਤੇ ਨਾ ਹੀ ਦੀਨ ਦੀ ਸ਼ਰ੍ਹਅ ਉੱਤੇ, ਤੈਨੂੰ ਨਾ ਮਾਲਕ ਦੀ ਪਛਾਣ ਹੈ ਤੇ ਨਾ ਹੀ ਹਜ਼ਰਤ ਮੁਹੰਮਦ ਸਾਹਿਬ ਉੱਤੇ ਤੇਰਾ ਭਰੋਸਾ ਹੈ।

**ਹਰਾਂ ਕਸ ਕਿ ਈਮਾਂ-ਪ੍ਰਸਤੀ ਕੁਨਦ**
**ਨ ਪੈਮਾਂ ਖ਼ੁਦਸ਼ ਪੇਸ਼ੋ ਪਸਤੀ ਕੁਨਦ ।੪੭।**

ਪੈਮਾਂ—ਬਚਨ। ਪੇਸ਼ੋ ਪਸਤੀ—ਟਾਲ-ਮਟੋਲ।

ਜੋ ਕੋਈ ਸੱਚਾ ਧਰਮੀ ਹੈ, ਉਹ ਕਦੀ ਆਪਣੇ ਬਚਨ ਵਾਅਦੇ ਤੋਂ ਅੱਗੇ ਪਿੱਛੇ ਨਹੀਂ ਹੁੰਦਾ।

**ਈਂ ਮਰਦ ਰਾ ਜ਼ੱਰਹ ਏਤਬਾਰ ਨੇਸਤ**
**ਚਿ ਕਸਮੇ ਕੁਰਾਨਸਤ ਯਜ਼ਦਾਂ ਯਕੇਸਤ ।੪੮।**

ਇਸ ਬਚਨ-ਭੰਗੀ ਆਦਮੀ 'ਤੇ ਜ਼ਰਾ ਜਿੰਨਾ ਇਤਬਾਰ ਨਹੀਂ ਕੀਤਾ ਜਾ ਸਕਦਾ। ਇਸ ਦੇ ਲਈ ਕੁਰਾਨ ਦੀ ਕਸਮ ਕੀ ਹੈ ਤੇ ਇਕ ਅੱਲ੍ਹਾ ਦੀ ਜ਼ਾਤ ਕੀ ? ਭਾਵ ਇਸ ਲਈ ਇਹ ਸਭ ਬੇਅਰਥ ਹੈ।

**ਚੁ ਕਸਮਿ ਕੁਰਾਂ ਸਦ ਕੁਨਦ ਇਖ਼ਤਯਾਰ**
**ਮਰਾ ਕਤਰਹ ਨਆਯਦ ਅਜ਼ੋ ਏਤਬਾਰ ।੪੯।**

ਹੁਣ ਭਾਵੇਂ ਕੋਈ ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇ, ਮੈਨੂੰ ਉਸ ਉੱਤੇ ਰਤਾ ਭਰ ਇਤਬਾਰ ਨਹੀਂ।

ਅਗਰਚਿ ਤੁਰਾ ਏਅਤਬਾਰ ਆਮਦੇ
ਕਮਰ ਬਸਤਏ ਪੇਸ਼ਵਾ ਆਮਦੇ।੫੦।

ਜੇਕਰ ਤੈਨੂੰ ਇਨ੍ਹਾਂ ਕਸਮਾਂ ਉੱਤੇ ਭਰੋਸਾ ਹੁੰਦਾ ਤਾਂ ਖ਼ੁਦ-ਬਖ਼ੁਦ ਤਿਆਰ ਹੋ ਕੇ ਸਾਹਮਣੇ ਆ ਜਾਂਦੋਂ।

ਕਿ ਫ਼ਰਜ਼ਸਤ ਬਰਸਰਿ ਤੁਰਾ ਈਂ ਸੁਖ਼ਨ
ਕਿ ਕਉਲੇ ਖ਼ੁਦਾ ਅਸਤ ਕਸਮਸਤ ਮਨ।੫੧।

ਸੋ ਹੁਣ ਤੇਰਾ ਫ਼ਰਜ਼ ਬਣਦਾ ਹੈ ਕਿ ਤੂੰ ਆਪਣੇ ਕੌਲ, ਕਰਾਰ ਤੇ ਕਸਮ ਨੂੰ ਨਿਭਾਵੇਂ।

ਅਗਰ ਹਜ਼ਰਤਿ ਖ਼ੁਦ ਸਿਤਾਦਾ ਸ਼ਵਦ।
ਬਜਾਨਿ ਦਿਲੇ ਕਾਰ ਵਾਜ਼ੇਹ ਸ਼ਵਦ।੫੨।

ਸਿਤਾਦਾ—ਖੜੋਨਾ। ਵਾਜ਼ਹ—ਸਪੱਸ਼ਟ।

ਹੇ ਔਰੰਗਜ਼ੇਬ! ਜੇ ਤੂੰ ਖ਼ੁਦ ਸਨਮੁਖ ਹੁੰਦਾ ਤਾਂ ਸਾਰੀ ਗੱਲ ਦਿਲੋਂ ਮਨੋਂ ਸਪੱਸ਼ਟ ਹੋ ਜਾਂਦੀ।

**ਸ਼ੁਮਾ ਰਾ ਚੁ ਫ਼ਰਜ਼ਸਤੁ ਕਾਰੇ ਕੁਨੀ**
**ਬਮੂਜਬ ਨਵਿਸ਼ਤਾ ਸ਼ੁਮਾਰੇ ਕੁਨੀ।੫੩।**

ਸ਼ੁਮਾ ਰਾ—ਤੁਹਾਡਾ। ਨਵਿਸ਼ਤਾ—ਲਿਖਤ।

ਹੁਣ ਵੀ ਤੇਰਾ ਫ਼ਰਜ਼ ਬਣਦਾ ਹੈ ਕਿ ਤੂੰ ਆਪਣੇ ਲਿਖੇ ਅਨੁਸਾਰ ਕਾਰਵਾਈ ਕਰੇਂ।

**ਨਵਿਸ਼ਤਾ ਰਸੀਦੋ ਬਿਗੁਫ਼ਤਹ ਜ਼ਬਾਂ**
**ਬਬਾਯਦ ਕਿ ਕਾਰੀਂ ਬਰਾਹਤ ਰਸਾਂ।੫੪।**

ਮੈਨੂੰ ਤੇਰਾ ਲਿਖਿਆ ਹੋਇਆ ਅਤੇ ਜ਼ਬਾਨੀ ਸੁਨੇਹਾ (ਕਾਜ਼ੀ ਰਾਹੀਂ) ਮਿਲਿਆ। ਤੈਨੂੰ ਚਾਹੀਦਾ ਹੈ ਕਿ ਤੂੰ ਇਸ ਕੰਮ ਨੂੰ ਠੀਕ ਤਰ੍ਹਾਂ ਸਿਰੇ ਚੜ੍ਹਾਵੇਂ। (*ਗੁਰੂ ਕੀਆਂ ਸਾਖੀਆਂ* ਅਨੁਸਾਰ ਇਹ ਕਾਜ਼ੀ ਸ਼ਾਹੀ ਪੈਗ਼ਾਮ ਲੈ ਕੇ ਅਨੰਦਪੁਰ ਛੱਡਣ ਤੋਂ ਦੋ ਦਿਨ ਪਹਿਲਾਂ ਆਇਆ ਸੀ।)

**ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ**
**ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ।੫੫।**

ਸ਼ਿਕਮ—ਪੇਟ, ਦਿਲ। ਦਹਾਨ—ਮੂੰਹ।

ਮਰਦ ਨੂੰ ਚਾਹੀਦਾ ਹੈ ਕਿ ਉਹ ਬਚਨਾਂ ਦਾ ਪੂਰਾ ਹੋਵੇ। ਇਹ ਠੀਕ ਨਹੀਂ ਕਿ ਦਿਲ ਵਿਚ ਕੁਝ ਹੋਰ ਤੇ ਮੂੰਹ ਵਿਚ ਕੁਝ ਹੋਰ ਹੋਵੇ।

**ਕਿ ਕਾਜ਼ੀ ਮਰਾ ਗ਼ੁਫ਼ਤਹ ਬੇਰੂੰ ਨਯਮ**
**ਅਗਰ ਰਾਸਤੀ ਖ਼ੁਦ ਬਿਯਾਰੀ ਕਦਮ।੫੬।**

ਬੇਰੂੰ—ਬਾਹਰ। ਰਾਸਤੀ—ਸਹੀ, ਠੀਕ।

ਜੋ ਕੁਝ ਤੇਰੇ ਕਾਜ਼ੀ ਨੇ ਮੈਨੂੰ ਕਿਹਾ, ਮੈਂ ਹੁਣ ਵੀ ਉਸ ਤੋਂ ਬਾਹਰ ਨਹੀਂ, ਬਸ਼ਰਤੇ ਕਿ ਤੂੰ ਵੀ ਠੀਕ ਰਸਤੇ ਵੱਲ ਕਦਮ ਉਠਾਵੇਂ।

**ਤੁਰਾ ਗਰ ਬਬਾਯਦ ਆਂ ਕਉਲੇ ਕੁਰਾਂ**
**ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾ।੫੭।**

ਜੇ ਤੂੰ ਕੁਰਾਨ ਦੀ ਜਿਲਦ ਉੱਤੇ ਲਿਖਿਆ ਉਹ ਕਸਮਨਾਮਾ ਦੇਖਣਾ ਚਾਹੁੰਦਾ ਹੈਂ ਤਾਂ ਮੈਂ ਉਹ ਵੀ ਤੈਨੂੰ ਭੇਜ ਦਿੰਦਾ ਹਾਂ। ਉਸ ਵਿਚ ਇਹ ਲਿਖਿਆ ਗਿਆ ਸੀ। (ਅਗਲੇ ਚਾਰ ਸ਼ਿਅਰਾਂ ੫੮—੬੧ ਵਿਚ ਗੁਰੂ ਜੀ ਨੇ ਸਰਕਾਰੀ ਪੇਸ਼ਕਸ਼ ਨੂੰ ਦੁਹਰਾ ਕੇ ਇਉਂ ਦੱਸਿਆ ਹੈ।)

**ਚਿ ਤਸ਼ਰੀਫ਼ ਦਰ ਕਸਬਹ ਕਾਂਗੜ ਕੁਨਦ**
**ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ।੫੮।**

ਜੇਕਰ ਤੁਸੀਂ (ਗੁਰੂ ਸਾਹਿਬ) ਅਨੰਦਪੁਰ ਛੱਡ ਕੇ ਕਾਂਗੜ ਵਿਚ ਤਸ਼ਰੀਫ਼ ਲੈ ਜਾਓ ਤਾਂ ਇਸ ਤੋਂ ਬਾਅਦ ਆਪਣੀ ਮੁਲਾਕਾਤ ਹੋ ਸਕਦੀ ਹੈ।

**ਨ ਜ਼ੱਰਹ ਦਰੀਂ ਰਾਹਿ ਖ਼ਤਰਾ ਤੁਰਾਸਤ**
**ਹਮਹ ਕੌਮਿ ਬੈਰਾੜ ਹੁਕਮੇ ਮਰਾਸਤ।੫੯।**

ਤੁਹਾਨੂੰ ਏਸ ਪਾਸੇ ਆਉਣ ਵਿਚ ਕੋਈ ਖ਼ਤਰਾ ਨਹੀਂ ਹੋਵੇਗਾ ਕਿਉਂਕਿ ਇਸ ਇਲਾਕੇ ਵਿਚ ਵੱਸਦੀ ਸਾਰੀ ਬੈਰਾੜ ਕੌਮ ਸਾਡੇ ਅਧੀਨ ਹੈ।

**ਬਯਾ ਤਾ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ**
**ਬਰੂਇ ਸ਼ੁਮਾ ਮਿਹਰਬਾਨੀ ਕੁਨੇਮ।੬੦।**

ਤੁਸੀਂ ਇਧਰ ਆ ਜਾਓਂ ਤਾਂ ਜ਼ਬਾਨੀ ਗੱਲ-ਬਾਤ ਕਰ ਲਈਏ ਤੇ ਆਹਮੋ-ਸਾਹਮਣੇ ਹੋ ਮਿਹਰਬਾਨੀ ਵਾਲਾ ਵਰਤਾਉ ਕਰੀਏ।

**ਯਕੇ ਅਸਪ* ਸ਼ਾਇਸਤਏ ਯਕ ਹਜ਼ਾਰ**
**ਬਯਾ ਤਾ ਬਗੀਰੀ ਬ ਮਨ ਈਂ ਦਯਾਰ।੬੧।**

ਜੇ ਆਓਂ ਤਾਂ ਤੁਹਾਨੂੰ ਇਸ ਇਲਾਕੇ ਵਿਚ 'ਯਕ ਅਸਪ' ਇਕ ਹਜ਼ਾਰੀ ਦਾ ਮਨਸਬ ਵੀ ਪ੍ਰਦਾਨ ਕਰੀਏ। (ਇਹ ਕੁਝ ਸੂਬਾ ਲਾਹੌਰ ਤੇ ਨਵਾਬ ਸਰਹੰਦ ਰਾਹੀਂ ਸਰਕਾਰ ਵੱਲੋਂ ਕਿਹਾ ਗਿਆ ਸੀ, ਪਰ ਜੋ ਕੁਝ ਵਾਪਰਿਆ, ਬਿਲਕੁਲ ਇਸ ਤੋਂ ਉਲਟ, ਇਹੋ ਗਿਲਾ ਗੁਰੂ ਜੀ ਬਾਦਸ਼ਾਹ ਪਾਸ ਕਰ ਰਹੇ ਹਨ।)

---

*ਇਕ ਘੋੜਾ ਰੱਖਣ ਵਾਲੇ ਸਵਾਰ ਨੂੰ 'ਯਕ ਅਸਪ' ਤੇ ਦੋ ਘੋੜੇ ਰੱਖਣ ਵਾਲੇ ਨੂੰ 'ਦੋ ਅਸਪ ਸਵਾਰ' ਕਿਹਾ ਜਾਂਦਾ ਸੀ। ਚੰਗੇ ਸਵਾਰ ਦੋ ਜਾਂ ਤਿੰਨ ਘੋੜੇ ਰੱਖਦੇ ਸਨ ਤਾਕਿ ਜੇ ਇਕ ਬੀਮਾਰ ਜਾਂ ਜ਼ਖ਼ਮੀ ਹੋ ਜਾਵੇ ਤਾਂ ਦੂਜਾ ਕੰਮ ਦਿੰਦਾ ਰਹੇ ਤੇ ਇਸ ਦਾ ਖ਼ਰਚ ਸਰਕਾਰ ਦਿੰਦੀ ਸੀ।

ਸ਼ਹਿਨਸ਼ਾਹ ਰਾ ਬੰਦਾਹਏ ਚਾਕਰੇਮ
ਅਗਰ ਹੁਕਮ ਆਯਦ ਬਜਾਂ ਹਾਜ਼ਰੇਮ।੬੨।

ਅਸੀਂ ਤਾਂ ਆਪਣੇ ਸ਼ਾਹਾਂ ਦੇ ਸ਼ਾਹ (ਰੱਬ) ਦੇ ਚਾਕਰ ਹਾਂ, ਜੇ ਹੁਕਮ ਆਵੇ ਤਾਂ ਦਿਲੋਂ ਜਾਨ ਤੋਂ ਹਾਜ਼ਰ ਹਾਂ।

ਗਰਚਿ ਬਿਆਯਦ ਬ ਫ਼ੁਰਮਾਨਿ* ਮਨ
ਹਜ਼ੂਰਤ ਬਿਆਯਮ ਹਮਹ ਜਾਨੋ ਤਨ।੬੩।

ਹੁਣ ਵੀ ਜੇਕਰ ਸ਼ਾਹੀ ਫ਼ੁਰਮਾਨ ਲੈ ਕੇ ਕੋਈ ਆਵੇ ਤਾਂ ਮੈਂ ਤੁਹਾਡੇ ਪਾਸ ਆਉਣ ਲਈ ਤਿਆਰ ਹਾਂ।

ਅਗਰ ਤੂ ਬਯਜ਼ਦਾਂ-ਪ੍ਰਸਤੀ ਕੁਨੀ
ਬ ਕਾਰੇ ਮਰਾ ਈਂ ਨ ਸੁਸਤੀ ਕੁਨੀ।੬੪।

ਜੇ ਤੂੰ ਸੱਚਾ ਖ਼ੁਦਾ-ਪ੍ਰਸਤ ਹੈਂ ਤਾਂ ਸਾਡੀ ਇਸ ਗੱਲ ਵਿਚ ਰਤਾ ਢਿਲ ਮੱਠ ਨਹੀਂ ਕਰੇਂਗਾ।

*ਕੇਸਰੀ ਪੰਜੇ ਵਾਲਾ ਸ਼ਾਹੀ ਫ਼ੁਰਮਾਨ ਕਿਸੇ ਕਿਸੇ ਖ਼ਾਸ ਪ੍ਰਤਿਸ਼ਠਤ ਵਿਅਕਤੀ ਲਈ ਹੀ ਜਾਰੀ ਹੁੰਦਾ ਸੀ। ਵਰਨਾ, ਨਵਾਬ ਜਾਂ ਸੂਬੇ ਆਪ ਹੀ ਇਲਾਕਾਈ ਮਾਮਲੇ ਨਜਿੱਠ ਲੈਂਦੇ ਸਨ।

**ਬਬਾਯਦ ਕਿ ਯਜ਼ਦਾਂ ਸ਼ਨਾਸੀ ਕੁਨੀ**
**ਨ ਗ਼ੁਫ਼ਤਹ ਕਸੇ ਕਸ ਖ਼ਰਾਸ਼ੀ ਕੁਨੀ।੬੫।**

ਖ਼ਰਾਸ਼ਨ—ਦੁਖਾਉਣਾ।

ਚਾਹੀਦਾ ਹੈ ਕਿ ਤੂੰ ਸੱਚੇ ਰੱਬ ਦੀ ਪਛਾਣ ਕਰੇਂ, ਤੇ ਕਿਸੇ ਦੇ ਕਹੇ ਕਹਾਏ ਕਿਸੇ ਉੱਤੇ ਜ਼ੁਲਮ ਨਾ ਢਾਏਂ।

**ਤੂ ਮਸਨਦ-ਨਸ਼ੀਂ ਸਰਵਰਿ ਕਾਯਨਾਤ**
**ਕਿ ਅਜਬਸਤ ਇਨਸਾਫ਼ ਈਂ ਹਮ ਸਿਫ਼ਾਤ।੬੬।**

ਸਰਵਰ—ਸਰਦਾਰ, ਮੁਖੀਆ।

ਤੂੰ ਪਾਤਸ਼ਾਹੀ ਗੱਦੀ ਉੱਤੇ ਬੈਠਾ ਹੈਂ ਤੇ ਸਭ ਦਾ ਸਿਰਮੌਰ ਕਹਾਉਂਦਾ ਹੈਂ, ਤੇਰੀਆਂ ਇਹ ਸਿਫ਼ਤਾਂ! ਤੇ ਨਿਆਂ!! ਅਜੀਬ ਜਿਹੀ ਗੱਲ ਹੈ।

**ਕਿ ਅਜਬਸਤੁ ਇਨਸਾਫ਼ੋ ਦੀਂ ਪਰਵਰੀ**
**ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ।੬੭।**

ਹੈਫ਼—ਅਫ਼ਸੋਸ। ਸਦ—ਸੌ।

ਤੇਰਾ ਇਹ ਇਨਸਾਫ਼ ਤੇ ਤੇਰੀ ਇਹ ਦੀਨਦਾਰੀ ਜਾਂ ਧਰਮ-ਪ੍ਰਸਤੀ ਅਜੀਬ ਹੈ, ਤੇਰੀ ਇਸ ਸਰਦਾਰੀ ਉੱਤੇ ਅਫ਼ਸੋਸ ਹੈ, ਸੌ ਵਾਰ ਅਫ਼ਸੋਸ ਹੈ।

ਕਿ ਅਜਬਸਤੁ ਅਜਬਸਤੁ ਫ਼ਤਵਹ ਸ਼ੁਮਾ
ਬਜੁਜ਼ ਰਾਸਤੀ ਸੁਖ਼ਨ ਗੁਫ਼ਤਨ ਜ਼ਿਯਾਂ।੬੮।

ਫ਼ਤਵਾ—ਸ਼ਰ੍ਹਈ ਫ਼ੈਸਲੇ। ਜ਼ਿਯਾਂ—ਹਾਨੀ।

ਤੇਰੇ ਅਜੀਬੋ ਗ਼ਰੀਬ ਸ਼ਰ੍ਹਈ ਹੁਕਮਾਂ (ਫ਼ਤਵਿਆਂ) ਉੱਤੇ ਵੀ ਹੈਰਾਨੀ ਹੈ। ਸੱਚਾਈ ਤੋਂ ਬਿਨਾ ਹੋਰ ਗੱਲ ਕਰਨ ਵਿਚ ਹਾਨੀ ਹੀ ਹਾਨੀ ਹੈ।

ਮਜ਼ਨ ਤੇਗ਼ ਬਰ ਖ਼ੂਨਿ ਕਸ ਬੇਦਰੇਗ਼
ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬਤੇਗ਼।੬੯।

ਮਜ਼ਨ—ਮਤ ਚਲਾ। ਚਰਖ਼—ਗ਼ੈਬੀ ਸ਼ਕਤੀ।

ਤੂੰ ਕਿਸੇ ਦਾ ਖ਼ੂਨ ਕਰਨ ਲਈ ਬੇਦਰੇਗ਼ ਹੋ ਕੇ ਤੇਗ਼ ਨਾ ਚਲਾ, ਅਸਮਾਨੀ ਸੱਤਾ ਤੇਰਾ ਵੀ ਤਲਵਾਰ ਨਾਲ ਲਹੂ ਵੀਟੇਗੀ।

ਤੂ ਗ਼ਾਫ਼ਲ ਮਸ਼ੌ ਮਰਦਿ ਯਜ਼ਦਾਂ ਹਿਰਾਸ
ਕਿ ਓ ਬੇਨਯਾਜ਼ਸਤੁ ਓ ਬੇਸਪਾਸ।੭੦।

ਮਸ਼ੌ—ਮਤ ਹੋ। ਹਿਰਾਸ—ਡਰਾਉਣਾ।

ਤੂੰ ਬੇਪਰਵਾਹ ਨਾ ਹੋ ਤੇ ਨਾ ਹੀ ਰੱਬੀ ਬੰਦਿਆਂ ਨੂੰ ਹਰਾਸ ਕਰ। ਉਹ ਮਾਲਕ ਬੇਨਿਆਜ਼, ਬੇਪਰਵਾਹ ਹੈ ਤੇ ਖ਼ੁਸ਼ਾਮਦਾਂ ਤੋਂ ਉੱਪਰ ਹੈ।

**ਕਿ ਊ ਬੇਮੁਹਾਬਸਤੁ ਸ਼ਾਹਾਨਿਸ਼ਾਹ**
**ਜ਼ਿਮੀਨੋ ਜ਼ਮਾਂ ਰਾ ਸੱਚਾਏ ਪਾਤਸ਼ਾਹ।੭੧।**

ਬੇਮੁਹਾਬ—ਨਿਰਭੈ।

ਉਹ ਨਿਰਭੈ ਤੇ ਮਾਣ ਪ੍ਰਤਿਸ਼ਠਾ ਦੀ ਚਾਹ ਤੋਂ ਉੱਪਰ ਹੈ ਅਤੇ ਉਹੋ ਅਰਸ਼-ਫ਼ਰਸ਼ ਦਾ ਵਾਲੀ, ਸਮੇਂ ਦਾ ਸੁਆਮੀ ਸੱਚਾ ਪਾਤਸ਼ਾਹ ਹੈ।

**ਖ਼ੁਦਾਵੰਦਿ ਏਜ਼ਦ ਜ਼ਿਮੀਨੋ ਜ਼ਮਾਂ**
**ਕੁਨਿੰਦਸਤ ਹਰ ਕਸ ਮਕੀਨੋ ਮਕਾਂ।੭੨।**

ਉਹ ਪਰਮੇਸ਼ਰ ਧਰਤੀ ਤੇ ਅਕਾਸ਼ ਦਾ ਮਾਲਕ ਹੈ, ਉਸੇ ਨੇ ਹਰ ਥਾਂ ਅਤੇ ਵੱਸਣ ਵਾਲੇ ਜੀਆ-ਜੰਤ ਦੀ ਰਚਨਾ ਕੀਤੀ ਹੈ।

**ਹਮਅਜ਼ ਪਰਿ ਮੋਰੋ ਹਮਜ਼ ਪੀਲਤਨ**
**ਕਿ ਆਜਿਜ਼ ਨਿਵਾਜ਼ਸਤੁ ਗ਼ਾਫ਼ਲ ਸ਼ਿਕਨ।੭੩।**

ਪਰਿਮੋਰ—ਕੀੜੀ ਦਾ ਖੰਭ। ਪੀਲਤਨ—ਹਾਥੀ ਦੇ ਆਕਾਰ ਵਾਲਾ, ਭਾਵ ਵੱਡਾ।

ਉਹ ਕੀੜੀ ਤੋਂ ਹਾਥੀ ਭਾਵ ਛੋਟੇ ਤੋਂ ਵੱਡੇ ਤਕ ਦਾ ਪ੍ਰਿਤਪਾਲਕ ਹੈ। ਉਹ ਗ਼ਰੀਬਾਂ ਨੂੰ ਨਿਵਾਜਣ ਵਾਲਾ ਤੇ ਗ਼ਾਫ਼ਲਾਂ ਨੂੰ ਸੋਧਣ ਵਾਲਾ ਹੈ।



**ਕਿ ਊਰਾ ਚੁ ਇਸਮਸਤ ਆਜਿਜ਼-ਨਿਵਾਜ਼**
**ਕਿ ਊ ਬੇ ਸਪਾਸ ਅਸਤ ਓ ਬੇ ਨਿਆਜ਼।੭੪।**

ਉਸ ਦਾ ਨਾਮ ਹੀ ਗ਼ਰੀਬ ਨਿਵਾਜ਼ ਜਾਂ ਦੀਨਬੰਧੂ ਹੈ, ਉਹ ਖ਼ੁਸ਼ਾਮਦ ਤੋਂ ਦੂਰ ਤੇ ਬੇਪਰਵਾਹ ਹੈ।

**ਕਿ ਓ ਬੇਨਿਗੂੰ ਅਸਤ ਓ ਬੇਚਗੂੰ**
**ਕਿ ਓ ਰਹਿਨੁਮਾ ਅਸਤ ਓ ਰਹਿਨਮੂੰ।੭੫।**

ਬੇਨਿਗੂੰ—ਪਰਾਧੀਨ ਨ ਹੋਣ ਵਾਲਾ। ਬੇਚਗੂੰ—ਅਦੁੱਤੀ।

ਉਹ ਕਿਸੇ ਦੇ ਅਧੀਨ ਹੋਣ ਵਾਲਾ ਨਹੀਂ ਤੇ ਨਾ ਉਸ ਵਰਗਾ ਕੋਈ ਹੈ, ਉਹ ਅਦੁੱਤੀ ਪਰਮਾਤਮਾ ਸਭ ਨੂੰ ਰਾਹ ਦਿਖਾਉਣ ਵਾਲਾ ਹੈ।

**ਕਿ ਬਰਸਰ ਤੁਰਾ ਫ਼ਰਜ਼ ਕਸਮਿ ਕੁਰਆਂ**
**ਬ ਗੁਫ਼ਤਹ ਸ਼ੁਮਾ ਕਾਰਿ ਖ਼ੂਬੀ ਰਸਾਂ।੭੬।**

ਤੇਰੇ ਜ਼ਿੰਮੇ ਕੁਰਾਨ ਦੀ ਕਸਮ ਦਾ ਫ਼ਰਜ਼ ਲਾਗੂ ਹੈ, ਤੂੰ ਆਪਣੇ ਬਚਨ ਮੁਤਾਬਕ ਆਖੀ ਗੱਲ ਨੂੰ ਭਲੀ-ਪ੍ਰਕਾਰ ਪੂਰਿਆਂ ਕਰ।

**ਬਬਾਯਦ ਤੁ ਦਾਨਸ਼ ਪ੍ਰਸਤੀ ਕੁਨੀ**
**ਬ ਕਾਰਿ ਸ਼ੁਮਾ ਚੀਰਹ ਦਸਤੀ ਕੁਨੀ।੭੭।**

ਦਾਨਸ਼-ਪ੍ਰਸਤੀ—ਸਿਆਣਪ, ਅਕਲਮੰਦੀ। ਚੀਰਹਦਸਤੀ—ਤਕੜਾਈ, ਸਖ਼ਤੀ।

ਤੈਨੂੰ ਚਾਹੀਦਾ ਹੈ ਕਿ ਤੂੰ ਸਿਆਣਪ ਤੋਂ ਕੰਮ ਲਵੇਂ ਤੇ ਆਪਣੇ ਕੰਮ ਨੂੰ ਪੂਰੀ ਤਕੜਾਈ ਨਾਲ ਕਰੇਂ।

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ**
**ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ।੭੮।**

ਕੁਸ਼ਤ—ਮਾਰੇ ਗਏ। ਪੇਚੀਦਾ—ਕੁੰਡਲੀਆ ਨਾਗ।

ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ, ਅਜੇ ਤਾਂ ਕੁੰਡਲੀਆ ਨਾਗ (ਭੁਝੰਗੀ ਖ਼ਾਲਸਾ) ਬਾਕੀ ਹੈ।

**ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ**
**ਕਿ ਆਤਸ਼ ਦਮਾਂ ਰਾ ਬਦਉਰਾਂ ਕੁਨੀ।੭੯।**

ਅਖ਼ਗਰ—ਚੰਗਿਆੜੀ। ਆਤਸ਼ ਦਮਾਂ—ਭੱਠੀ।

ਇਹ ਕੀ ਬਹਾਦਰੀ ਹੈ ਕਿ ਤੂੰ ਚੰਗਿਆੜੀਆਂ ਬੁਝਾਉਂਦਾ ਫਿਰੇਂ ਤੇ ਪ੍ਰਚੰਡ ਜਵਾਲਾ ਦੀ ਭੱਠੀ ਨੂੰ ਭੜਕਾਉਂਦਾ ਫਿਰੇਂ।

**ਚਿ ਖ਼ੁਸ਼ ਗੁਫ਼ਤ ਫ਼ਿਰਦੌਸੀਏ ਖ਼ੁਸ਼-ਜ਼ਬਾਂ**
**ਸ਼ਿਤਾਬੀ ਬਵਦ ਕਾਰਿ ਅਹਰਿਮਨਾ।੮੦।**

ਖ਼ੁਸ਼ ਜ਼ਬਾਂ—ਸੋਹਣਾ ਕਹਿਣ ਵਾਲਾ। ਅਹਰਿਮਨ—ਸ਼ੈਤਾਨ।

ਮਨੋਹਰ ਬੋਲਾਂ ਵਾਲੇ ਫ਼ਿਰਦੌਸੀ ਸ਼ਾਇਰ ਨੇ ਕਿਆ ਸੋਹਣਾ ਕਿਹਾ ਹੈ ਕਿ ਕਾਹਲੀ ਕਰਨਾ ਸ਼ੈਤਾਨਾਂ ਦਾ ਕੰਮ ਹੈ।

**ਕਿ ਮਾ ਬਾਰਗਹਿ ਹਜ਼ਰਤ ਆਯਮ ਸ਼ੁਮਾ**
**ਅਜ਼ਾਂ ਰੋਜ਼ ਬਾਸ਼ੀ ਵ ਸ਼ਾਹਿਦ ਹਮਾ।੮੧।**

ਬਾਰਗਹਿ—ਦਰਬਾਰ। ਸ਼ੁਮਾ—ਤੁਹਾਡੇ।

ਜਦ ਮੈਂ ਤੁਹਾਡੇ ਦਰਬਾਰ ਵਿਚ ਆਵਾਂ ਤਾਂ ਉਸ ਦਿਨ ਤੁਹਾਡਾ ਗਵਾਹ (ਕਾਜ਼ੀ) ਵੀ ਨਾਲ ਹਾਜ਼ਰ ਚਾਹੀਦਾ ਹੈ।

**ਵਗਰਨਹ ਤੁ ਈਂ ਰਾ ਫ਼ਰਾਮੁਸ਼ ਕੁਨਦ**
**ਤੁਰਾ ਹਮ ਫ਼ਰਾਮੋਸ਼ ਯਜ਼ਦਾਂ ਕੁਨਦ।੮੨।**

ਫ਼ਰਾਮੁਸ਼—ਭੁਲਾਉਣਾ। ਯਜ਼ਦਾਂ—ਰੱਬ।

ਜੇਕਰ ਤੂੰ ਇਹ ਗੱਲ ਅੱਖੋਂ ਓਹਲੇ ਕਰ ਦਿੱਤੀ, ਵਿਸਾਰ ਦਿੱਤੀ ਤਾਂ ਅਕਾਲ ਪੁਰਖ ਵੀ ਤੈਨੂੰ ਨਜ਼ਰ-ਅੰਦਾਜ਼ ਕਰ ਦੇਵੇਗਾ, ਭਾਵ ਵਿਸਾਰ ਦੇਵੇਗਾ।

**ਬਰੀਂ ਕਾਰਿ ਗਰ ਤੂ ਬ ਬਸਤੀਂ ਕਮਰ**
**ਖ਼ੁਦਾਵੰਦ ਬਾਸ਼ਦ ਤੁਰਾ ਬਹਿਰਾਵਰ।੮੩।**

ਬਸਤੀ—ਬੰਨ੍ਹਣਾ। ਬਹਿਰਾਵਰ—ਹਿਤਕਾਰੀ।

ਜੇ ਤੂੰ ਇਸ ਭਲੇ ਕੰਮ ਲਈ ਲੱਕ ਬੰਨ੍ਹ ਲਿਆ ਤਾਂ ਰੱਬ ਤੇਰੇ ਲਈ ਵੀ ਹਿਤਕਾਰੀ ਜਾਂ ਵਰਦਾਤਾ ਸਿੱਧ ਹੋਵੇਗਾ।

**ਕਿ ਈਂ ਕਾਰ ਨੇਕਸਤੁ ਦੀਂ ਪਰਵਰੀ**
**ਚੁ ਯਜ਼ਦਾਂ ਸ਼ਨਾਸੀ ਬ ਜਾਂ ਬਰਤਰੀ।੮੪।**

ਸੱਚ ਧਰਮ ਉੱਤੇ ਚੱਲਣਾ ਨੇਕ ਕੰਮ ਹੈ। ਜੇ ਰੱਬੀ ਜੋਤਿ ਦੀ ਪਛਾਣ ਹੋ ਜਾਵੇ ਤਾਂ ਇਹ ਇਸ ਤੋਂ ਵੀ ਵਧੇਰੇ ਚੰਗਾ ਹੈ।

**ਤੁਰਾ ਮਨ ਨ ਦਾਨਮ ਕਿ ਯਜ਼ਦਾਂ ਸ਼ਨਾਸ**
**ਬਰਾਮਦ ਜ਼ਿ ਤੋ ਕਾਰਹਾ ਦਿਲ-ਖ਼ਰਾਸ਼।੮੫।**

ਦਿਲ ਖ਼ਰਾਸ਼—ਦਿਲ ਨੂੰ ਠੇਸ ਪਹੁੰਚਾਉਣ ਵਾਲੇ।

ਮੈਂ ਇਹ ਨਹੀਂ ਮੰਨਦਾ ਕਿ ਤੂੰ ਖ਼ੁਦਾ ਦੀ ਪਛਾਣ ਕਰਨ ਵਾਲਾ ਹੈਂ, ਕਿਉਂਕਿ ਤੇਰੇ ਹੱਥੋਂ ਅਨੇਕਾਂ ਦਿਲ ਦੁਖਾਉਣ ਵਾਲੇ ਕੰਮ ਹੋਏ ਹਨ।

**ਸ਼ਨਾਸਦ ਹਮੀਂ ਤੋ ਨ ਯਜ਼ਦਾਂ ਕਰੀਮ**
**ਨ ਖ਼੍ਾਹਦ ਹਮੀਂ ਤੋ ਬਦੌਲਤ ਅਜ਼ੀਮ ।੮੬।**

ਇਸੇ ਕਰਕੇ ਤੈਨੂੰ ਕ੍ਰਿਪਾਲੂ ਰੱਬ ਵੀ ਨਹੀਂ ਨਿਵਾਜੇਗਾ, ਤੂੰ ਭਾਵੇਂ ਕਿੰਨਾ ਵੱਡਾ ਦੌਲਤਮੰਦ ਹੋਵੇਂ, ਉਹ ਤੈਨੂੰ ਨਹੀਂ ਚਾਹੇਗਾ।

**ਅਗਰ ਸਦ ਕੁਰਆਂ ਬਖ਼ੁਰਦੀ ਕਸਮ**
**ਮਰਾ ਏਅਤਬਾਰੇ ਨ ਈਂ ਜ਼ੱਰਹ ਦਮ ।੮੭।**

ਸਦ—ਸੌ। ਬਖ਼ੁਰਦੀ—ਖਾਵੇਂ।

ਜੇਕਰ ਤੂੰ ਹੁਣ ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇਂ ਤਾਂ ਮੈਨੂੰ ਉਨ੍ਹਾਂ ਉੱਤੇ ਰੱਤੀ ਭਰ ਭਰੋਸਾ ਨਹੀਂ।

**ਹਜ਼ੂਰਤੁ ਨ ਆਯਮ ਨ ਈਂ ਰਹ ਸ਼ਵਮ**
**ਅਗਰ ਸ਼ਾਹ ਬਖ਼੍ਾਹਦ ਮਨ ਆਂ ਜਾ ਰਵਮ ।੮੮।**

ਸੋ ਮੈਂ ਹਜ਼ੂਰੀ ਵਿਚ ਨਹੀਂ ਆਵਾਂਗਾ ਤੇ ਨਾ ਇਸ ਰਸਤੇ ਪਵਾਂਗਾ ਪਰ ਜੇਕਰ ਸ਼ਾਹ (ਭਾਵ ਮੁਹੰਮਦ ਮੁਅੱਜ਼ਮ ਸ਼ਾਹ) ਸੱਦੇਗਾ ਮੈਂ ਉਥੇ ਚਲਿਆ ਜਾਵਾਂਗਾ। (ਮੁਗ਼ਲ ਜ਼ਮਾਨੇ ਵਿਚ ਬਾਦਸ਼ਾਹ ਲਈ 'ਸ਼ਹਿਨਸ਼ਾਹ' ਤੇ ਸ਼ਹਿਜ਼ਾਦਿਆਂ ਲਈ 'ਸ਼ਾਹ' ਸੰਕੇਤ ਚੱਲਦਾ ਸੀ। ਔਰੰਗਜ਼ੇਬ ਦਾ ਵੱਡਾ ਪੁੱਤਰ ਮੁਅੱਜ਼ਮ (ਬਹਾਦਰ ਸ਼ਾਹ) ਗੁਰੂ ਸਾਹਿਬ ਲਈ ਸੁਹਿਰਦ ਤੇ ਸ਼ਰਧਾ ਭਾਵਨਾ ਰੱਖਦਾ ਸੀ ਅਤੇ ਉਹ ਪੰਜਾਬ ਤੇ ਕਾਬਲ ਦਾ ਸੂਬੇਦਾਰ ਵੀ ਸੀ, ਉਸਦੇ ਲਸ਼ਕਰ ਵਿਚ ਮੁਹਕਮ ਸਿੰਘ ਜੀ ਵਰਗੇ ਅਹਿਲਕਾਰ ਸਨ, ਜੋ ਸਤਿਗੁਰਾਂ ਤੇ ਸ਼ਹਿਜ਼ਾਦੇ ਦੇ ਦਰਮਿਆਨ ਰਾਬਤਾ ਰੱਖ ਰਹੇ ਸਨ। ਮੁਹਕਮ ਸਿੰਘ ਨੇ ਹਫ਼ਤਹਜ਼ਾਰੀ ਪਦਵੀ ਪਾ ਕੇ ਦੱਖਣ ਵਿਚ ਚੰਗਾ ਨਾਂ ਖੱਟਿਆ ਸੀ। ਤੇ ਪਿੱਛੋਂ ਬਾਗ਼ੀ ਵੀ ਹੋ ਗਿਆ ਸੀ।)

*—ਦੇਖੋ 'ਮੁਆਸਰੁਲ ਉਮਰਾ'*

ਖ਼ੁਸ਼ਸ਼ ਸ਼ਾਹ-ਸ਼ਾਹਾਨਿ ਅਉਰੰਗਜ਼ੇਬ
ਕਿ ਚਾਲਾਕ ਦਸਤਸਤ ਚਾਬਕ ਰਕੇਬ।੮੯।

ਹੇ ਔਰੰਗਜ਼ੇਬ! ਤੂੰ ਭਾਗਵਾਨ ਬਾਦਸ਼ਾਹ ਹੈਂ ਤੇ ਹੱਥ ਦਾ ਫੁਰਤੀਲਾ ਤੇ ਸ਼ਾਹ ਸਵਾਰ ਵੀ ਹੈਂ।

ਕਿ ਹੁਸਨੁਲ ਜਮਾਲਸਤ ਰਉਸ਼ਨ ਜ਼ਮੀਰ
ਖ਼ੁਦਾਵੰਦਿ ਮੁਲਕ ਅਸਤ ਸਾਹਿਬਿ ਅਮੀਰ।੯੦।

ਤੂੰ ਸੋਹਣਾ ਸੁੰਦਰ ਤੇ ਸਿਆਣਾ ਵੀ ਹੈਂ, ਤੂੰ ਮੁਲਕ ਦਾ ਵਾਲੀ ਤੇ ਹਾਕਮਾਂ ਦਾ ਮੋਹਰੀ ਸਰਦਾਰ ਵੀ ਹੈਂ।

ਬਤਰਤੀਬ ਦਾਨਿਸ਼ ਬਤਦਬੀਰ ਤੇਗ
ਖ਼ੁਦਾਵੰਦਿ ਦੇਗੋ ਖ਼ੁਦਾਵੰਦਿ ਤੇਗ।੯੧।

ਤੂੰ ਆਪਣੀ ਦਾਨਾਈ ਦੇ ਢੰਗ ਵਿਉਂਤ ਨਾਲ ਤੇ ਸ਼ਕਤੀ ਦੇ ਜ਼ੋਰ ਨਾਲ ਦੇਗ ਤੇਗ ਦਾ ਧਨੀ ਵੀ ਹੈਂ।

**ਕਿ ਰੌਸ਼ਨ ਜ਼ਮੀਰ ਅਸਤ ਹੁਸਨੁਲ ਜਮਾਲ**
**ਖ਼ੁਦਾਵੰਦਿ ਬਖ਼ਸ਼ਿੰਦਏ ਮੁਲਕੋ ਮਾਲ।੯੨।**

ਤੇਰੀ ਜ਼ਮੀਰ ਰੌਸ਼ਨ ਤੇ ਚਿਹਰਾ ਜਮਾਲ ਭਰਿਆ ਹੈ, ਤੇ ਤੂੰ ਮੁਲਕ ਅਤੇ ਦੌਲਤਾਂ ਦੇਣ ਜੋਗਾ ਵੀ ਹੈਂ।

**ਕਿ ਬਖ਼ਸ਼ਿਸ਼ ਕਬੀਰ ਅਸਤ ਦਰ ਜੰਗ ਕੋਹ**
**ਮਲਾਇਕ ਸਿਫ਼ਤ ਚੂੰ ਸੁਰੱਯਾ ਸ਼ਿਕੋਹ।੯੩।**

ਤੂੰ ਦਾਨ ਕਰਨ ਵਿਚ ਵੱਡਾ ਤੇ ਜੰਗ ਵਿਚ ਪਰਬਤ ਸਮਾਨ ਅਡੋਲ ਹੈਂ। ਤੂੰ ਫ਼ਰਿਸ਼ਤਿਆਂ ਸਮਾਨ ਬਲਵਾਨ ਅਤੇ ਉੱਚੀ ਸ਼ਾਨ ਵਾਲਾ ਹੈਂ।

**ਸ਼ਹਿਨਸ਼ਾਹ ਅਉਰੰਗਜ਼ੇਬ ਆਲਮੀਂ**
**ਕਿ ਦਾਰਾਇ ਦੌਰ ਅਸਤ ਦੂਰਸਤ ਦੀਂ।੯੪।**

ਹੇ ਔਰੰਗਜ਼ੇਬ! ਭਾਵੇਂ ਤੂੰ ਦੁਨੀਆ ਦਾ ਤਾਂ ਸ਼ਹਿਨਸ਼ਾਹ ਹੈਂ, ਸਮੇਂ ਦਾ ਹਾਕਮ ਵੀ ਹੈਂ, ਪਰ ਸੱਚੇ ਧਰਮ ਤੋਂ ਦੂਰ ਹੀ ਹੈਂ।

**ਮਨਮ ਕੁਸ਼ਤਨਮ ਕੋਹੀਆਂ ਪੁਰ ਫ਼ਿਤਨ**
**ਕਿ ਓ ਬੁਤ ਪ੍ਰਸਤੰਦ ਮਨ ਬੁਤ ਸ਼ਿਕਨ।੯੫।**

ਕੋਹੀਆਂ—ਪਹਾੜੀਏ। ਬੁਤ ਪ੍ਰਸਤ—ਪੱਥਰ-ਪੂਜ।

ਮੈਂ ਬੁੱਤ-ਪ੍ਰਸਤ ਸ਼ਰਾਰਤੀ ਪਹਾੜੀਆਂ ਨੂੰ ਸੋਧਣ ਵਾਲਾ ਹਾਂ ਕਿਉਂਕਿ ਉਹ ਬੁੱਤ-ਪੂਜਕ ਹਨ ਤੇ ਮੈਂ ਬੁੱਤ-ਘਾਤਕ।

**ਬਬੀਂ ਗਰਦਸ਼ੇ ਬੇਵਫ਼ਾਏ ਜ਼ਮਾਂ**
**ਪਸੇ ਪੁਸ਼ਤ ਉਫ਼ਤਦ ਰਸਾਨਦ ਜ਼ਯਾਂ।੯੬।**

ਬਬੀਂ—ਦੇਖ ਲੈ। ਜ਼ਯਾਂ—ਹਾਨੀ।

ਤੂੰ ਬੇਵਫ਼ਾ ਭਾਵ ਬੇਲਿਹਾਜ਼ ਜ਼ਮਾਨੇ ਦੇ ਚੱਕਰ ਵੱਲ ਤੱਕ, ਉਹ ਜਿਸ ਪਿੱਛੇ ਵੀ ਪੈਂਦਾ ਹੈ, ਉਸ ਨੂੰ ਹਾਨੀ ਪਹੁੰਚਾਉਂਦਾ ਹੈ।

**ਬਬੀਂ ਕੁਦਰਤਿ ਨੇਕ ਯਜ਼ਦਾਨਿ ਪਾਕ**
**ਅਜ਼ ਯਕ ਬ ਦਹਲਕ ਰਸਾਨਦ ਹਲਾਕ।੯੭।**

(ਦੂਜੇ ਪਾਸੇ) ਤੂੰ ਉਸ ਪਵਿੱਤਰ ਰੱਬ ਦੀ ਬਰਕਤਿ ਵੱਲ ਵੀ ਵੇਖ ਕਿ ਜੋ ਇਕੱਲੇ ਤੋਂ ਅਨੇਕਾਂ ਨੂੰ ਮਰਵਾ ਦਿੰਦਾ ਹੈ।



**ਚਿ ਦੁਸ਼ਮਨ ਕੁਨਦ ਮਿਹਰਬਾਂ ਅਸਤ ਦੋਸਤ**
**ਕਿ ਬਖ਼ਸ਼ਿੰਦਗੀ ਕਾਰਿ ਬਖ਼ਸ਼ਿੰਦਹ ਓਸਤ ।੯੮।**

ਵੈਰੀ ਕਿਸੇ ਦਾ ਕੀ ਵਿਗਾੜ ਸਕਦਾ ਹੈ ਜਦੋਂ ਕਿ ਰੱਬ ਮਿੱਤਰ ਮਿਹਰਵਾਨ ਹੋਵੇ, ਕਿਉਂਕਿ ਉਸ ਬਖ਼ਸ਼ਣਹਾਰ ਦਾ ਕੰਮ ਬਖਸ਼ਿਸ਼ ਕਰਨਾ ਹੀ ਹੈ।

**ਰਿਹਾਈ ਦਿਹੋ ਰਹਿਨੁਮਾਈ ਦਿਹਦ**
**ਜ਼ਬਾਂ ਰਾ ਬ ਸਿਫ਼ਤ ਆਸ਼ਨਾਈ ਦਿਹਦ ।੯੯।**

ਰਿਹਾਈ—ਬੰਦਖ਼ਲਾਸੀ। ਆਸ਼ਨਾਈ—ਸ਼ੌਕ।

ਉਹ ਛੁਟਕਾਰਾ ਕਰਾਉਂਦਾ ਤੇ ਰਸਤਾ ਦਿਖਾਉਂਦਾ ਹੈ, ਤੇ ਜ਼ਬਾਨ ਨੂੰ ਸਿਫ਼ਤਿ-ਸਾਲਾਹ ਕਰਨ ਦਾ ਸ਼ੌਕ ਸਿਖਾਉਂਦਾ ਹੈ।

**ਖ਼ਸਮ ਰਾ ਚੁ ਕੋਰ ਊ ਕੁਨਦ ਵਕਤੇ ਕਾਰ**
**ਯਤੀਮਾਂ ਬਿਰੂੰ ਬੁਰਦ ਬੇਜ਼ਖ਼ਮ ਖ਼ਾਰ ।੧੦੦।**

ਕੋਰ—ਅੰਨ੍ਹਾ। ਬੇਜ਼ਖ਼ਮ—ਬਿਨਾ ਕਿਸੇ ਤਕਲੀਫ਼ ਦੇ।

ਉਹ ਮੌਕਾ ਪੈਣ 'ਤੇ ਵੈਰੀਆਂ ਨੂੰ ਅੰਧਿਆਂ ਕਰ ਦਿੰਦਾ ਤੇ ਨਿਮਾਣੇ ਨਿਤਾਣਿਆਂ ਨੂੰ ਬਿਨਾ ਸੱਟ-ਫੇਟ ਦੇ ਬਾਹਰ ਕੱਢ ਲੈਂਦਾ ਹੈ।

**ਹਰਾਂ ਕਸ ਕਿ ਊ ਰਾਸਤਬਾਜ਼ੀ ਕੁਨਦ**
**ਰਹੀਮੇ ਬਰੋ ਰਹਿਮਸਾਜ਼ੀ ਕੁਨਦ।੧੦੧।**

ਜੋ ਕੋਈ ਸੱਚ ਦਾ ਵਿਉਹਾਰ ਕਰਦਾ ਹੈ, ਉਸ ਉੱਤੇ ਕ੍ਰਿਪਾਲੂ ਪਰਮੇਸ਼ਰ ਕ੍ਰਿਪਾ ਹੀ ਕਰਦਾ ਹੈ।

**ਕਸੇ ਖ਼ਿਦਮਤ ਆਯਦ ਬਸੇ ਦਿਲੋਂ ਜਾਂ**
**ਖ਼ੁਦਾਵੰਦ ਬਿ-ਬਖ਼ਸ਼ੰਦ ਬਰ ਵੈ ਅਮਾਂ।੧੦੨।**

ਖ਼ਿਦਮਤ—ਸੇਵਾ, ਸ਼ਰਣ। ਅਮਾਂ—ਪਨਾਹ, ਓਟ।

ਜੋ ਕੋਈ ਤਨੋ ਮਨੋ ਉਸ ਦੀ ਸ਼ਰਣ ਵਿਚ ਆ ਜਾਂਦਾ ਹੈ, ਉਹ ਉਸ ਨੂੰ ਆਪਣੀ ਪਨਾਹ ਵਿਚ ਲੈ ਲੈਂਦਾ ਹੈ।

**ਚਿ ਦੁਸ਼ਮਨ ਕਜ਼ਾਂ ਹੀਲਹਸਾਜ਼ੀ ਕੁਨਦ**
**ਅਗਰ ਰਹਿਨੁਮਾ ਬਰ ਵੈ ਰਾਜ਼ੀ ਸ਼ਵਦ।੧੦੩।**

ਵੈਰੀ ਦੀ ਨੱਸ-ਭੱਜ ਕੀ ਕਰ ਸਕਦੀ ਹੈ, ਅਗਰ ਮਿਹਰਵਾਨ ਪ੍ਰਭੂ ਆਪ ਪ੍ਰਸੰਨ ਹੋਵੇ।

**ਅਗਰ ਬਰ ਯਕਾਯਦ ਦਹੋ ਦਹ ਹਜ਼ਾਰ**
**ਨਿਗਹਬਾਨ ਓ ਰਾ ਸ਼ਵਦ ਕਰਦਗਾਰ।੧੦੪।**

ਬਰ ਯਕ—ਇਕ ਉੱਤੇ। ਨਿਗਹਬਾਨ—ਰਾਖਾ।

ਅਗਰ ਇਕ ਆਦਮੀ ਉੱਤੇ ਬੇਸ਼ੁਮਾਰ ਮੁਲਖਈਆ ਚੜ੍ਹ ਆਵੇ ਤਾਂ ਉਸ ਦਾ ਰਖਵਾਲਾ ਸਿਰਜਣਹਾਰ ਆਪ ਹੁੰਦਾ ਹੈ।

**ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ**
**ਕਿ ਮਾਰਾ ਨਿਗ੍ਹਾਅਸਤ ਯਜ਼ਦਾਂ ਸ਼ੁਕਰ।੧੦੫।**

ਜ਼ਰ—ਦੌਲਤ। ਯਜ਼ਦਾਂ—ਰੱਬ।

ਜੇ ਤੇਰੀ ਨਿਗਾਹ ਆਪਣੀ ਫ਼ੌਜ ਤੇ ਦੌਲਤਾਂ ਦੇ ਖ਼ਜ਼ਾਨੇ ਉੱਤੇ ਹੈ ਤਾਂ ਸਾਡੀ ਨਿਗਾਹ ਕੇਵਲ ਰੱਬੀ ਸ਼ੁਕਰਾਨੇ ਉੱਤੇ।

**ਕਿ ਤੋ ਰਾ ਗ਼ਰੂਰ ਅਸਤ ਬਰ ਮੁਲਕੋ ਮਾਲ**
**ਵ ਮਾਰਾ ਪਨਾਹ ਅਸਤ, ਯਜ਼ਦਾਂ ਅਕਾਲ।੧੦੬।**

ਜੇ ਤੁਹਾਨੂੰ ਮੁਲਕਾਂ ਤੇ ਦੌਲਤਾਂ ਦਾ ਮਾਣ ਹੈ ਤਾਂ ਸਾਨੂੰ ਵੀ ਆਪਣੇ ਅਕਾਲ ਪੁਰਖ ਦੀ ਓਟ ਯਾ ਉਸੇ ਦਾ ਆਸਰਾ ਹੈ।

**ਤੁ ਗ਼ਾਫ਼ਲ ਮਸ਼ੌ ਜ਼ੀਂ ਸਿਪੰਜੀ ਸਰਾਇ**
**ਕਿ ਆਲਮ ਬਿਗੁਜ਼ਰਦ ਸਰੇ ਜਾ ਬਜਾਇ।੧੦੭।**

ਮਸ਼ੌ—ਮਤ ਹੋ। ਸਿਪੰਜੀ—ਥੋੜ੍ਹੇ ਚਿਰ ਦੀ, ਆਰਜ਼ੀ। ਆਲਮ—ਸੰਸਾਰ।

ਤੂੰ ਇਸ ਹਕੀਕਤ ਤੋਂ ਗ਼ਾਫ਼ਲ ਨਾ ਹੋ ਕਿ ਇਹ ਦੁਨੀਆ ਦੋ-ਚਾਰ ਦਿਨਾਂ ਦੀ ਸਰਾਂ ਹੈ, ਇਹ ਜਗਤ ਥਾਉਂ-ਥਾਈਂ ਚਲਦਾ ਜਾ ਰਿਹਾ ਹੈ।

**ਬਬੀਂ ਗਰਦਸ਼ਿ ਬੇਵਫ਼ਾਇ ਜ਼ਮਾਂ**
**ਕਿ ਬਿਗੁਜ਼ਸ਼ਤ ਬਰ ਹਰ ਮਕੀਨੋ ਮਕਾਂ।੧੦੮।**

ਤੂੰ ਇਸ ਬੇਵਫ਼ਾ ਕਾਲ-ਚੱਕਰ ਵੱਲ ਵੇਖ ਕਿ ਕਿਵੇਂ ਇਸਦਾ ਵਾਰ ਸੰਸਾਰ ਦੀ ਹਰ ਚੀਜ਼ ਉੱਤੇ ਪੈਂਦਾ ਜਾ ਰਿਹਾ ਹੈ।

**ਤੂ ਗਰ ਜਬਰ ਆਜਿਜ਼-ਖ਼ਰਾਸ਼ੀ ਮਕੁਨ**
**ਕਸਮ ਰਾ ਬਤੇਸ਼ਹ ਤਰਾਸ਼ੀ ਮਕੁਨ।੧੦੯।**

ਆਜਿਜ਼—ਗ਼ਰੀਬ। ਮਕੁਨ—ਮਤ ਕਰ।

ਜੇ ਤੂੰ ਜ਼ੋਰ ਜਬਰ ਵਾਲਾ ਹੈਂ ਤਾਂ ਤੂੰ ਗ਼ਰੀਬਾਂ ਨੂੰ ਨਾ ਸਤਾ ਤੇ ਆਪਣੀ ਕੁਰਾਨ ਦੀ ਖਾਧੀ ਕਸਮ ਨੂੰ ਤੇਸੇ ਨਾਲ ਨਾ ਛਿੱਲ, ਭਾਵ ਬਚਨ ਭੰਗ ਨਾ ਕਰ।

**ਚੂੰ ਹੱਕ ਯਾਰ ਬਾਸ਼ਦ ਚਿ ਦੁਸ਼ਮਨ ਕੁਨਦ**
**ਅਗਰ ਦੁਸ਼ਮਨੀ ਰਾ ਬਸਦ ਤਨ ਕੁਨਦ।੧੧੦।**

ਹੱਕ—ਰੱਬ। ਸਦ—ਸੌ।

ਜੇ ਰੱਬ ਦੋਸਤ ਹੋਵੇ ਤਾਂ ਦੁਸ਼ਮਣ ਕੀ ਵਿਗਾੜ ਸਕਦਾ ਹੈ, ਭਾਵੇਂ ਉਹ ਸੌ ਗੁਣਾ ਵਧ ਕੇ ਵੈਰ ਵੀ ਕਮਾਵੇ।

**ਖਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ**
**ਨ ਯਕ ਮੂਇ ਓ ਰਾ ਆਜ਼ਾਰ ਆਵੁਰਦ।੧੧੧।**

ਖਸਮ—ਵੈਰੀ। ਮੂਇ—ਵਾਲ। ਆਜ਼ਾਰ—ਦੁਖੀ।

ਜੇਕਰ ਵੈਰੀ ਹਜ਼ਾਰਾਂ ਕਿਸਮ ਦੀਆਂ ਦੁਸ਼ਮਣੀਆਂ ਵੀ ਕਰੇ ਪਰ ਉਹ ਉਸ ਦਾ ਇਕ ਵਾਲ ਵੀ ਵਿੰਗਾ ਨਹੀਂ ਕਰ ਸਕਦਾ।

*—ਸ੍ਰੀ ਦਸਮ ਗ੍ਰੰਥ ਵਿਚੋਂ*

☆

*(੧) ਅੰਤਿਕਾ—*

# ਜੰਗਨਾਮਾ

ਜ਼ਫ਼ਰਨਾਮੇ ਤੋਂ ਵੀ ਪਹਿਲਾਂ ਇਕ ਖ਼ਤ ਮਾਛੀਵਾੜੇ ਤੋਂ ਗੁਰੂ ਜੀ ਵੱਲੋਂ ਔਰੰਗਜ਼ੇਬ ਵੱਲ ਲਿਖ ਕੇ ਭੇਜਣ ਦੀ ਚਰਚਾ ਹੈ, ਕਿਉਂਕਿ ਇਸ ਵਿਚ ਕੇਵਲ ਦੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹੀ ਸੰਕੇਤ ਹੈ। ਇਸ ਦਾ ਇਕ ਉਤਾਰਾ ਪ੍ਰਸਿੱਧ ਵਿਦਵਾਨ ਤੇ ਮਹਾਨ ਕਵੀ ਬਾਵਾ ਸੁਮੇਰ ਸਿੰਘ ਪਟਨਾ ਸਾਹਿਬ ਵਾਲਿਆਂ ਦੇ ਪੁਸਤਕਾਲੇ ਵਿਚ ਸੀ। ਬਾਵਾ ਜੀ ਪਟਨੇ ਸਾਹਿਬ ਦੇ ਮਹੰਤ ਸਨ ਤੇ ਉਨ੍ਹਾਂ ਤੋਂ ਬਾਬੂ ਜਗਨ ਨਾਥ ਦਾਸ ਰਤਨਾਕਰ ਨੇ ੧੯੯੨ ਈ: ਦੇ ਲਾਗੇ ਚਾਗੇ ਇਸ ਦੀ ਨਕਲ ਲਈ ਸੀ, ਜੋ ਉਨ੍ਹਾਂ ਤੋਂ ਹੀ ਕਿਧਰੇ ਕਾਗ਼ਜ਼ਾਂ ਵਿਚ ਇਧਰ ਉਧਰ ਔਟਲ ਗਈ। ਫਿਰ ਜਦ ਮਿਲੀ ਵੀ ਤਾਂ ਪੁਰਾਣੇ ਕਾਗਜ਼ਾਂ 'ਤੇ ਭੰਨ ਪੈਣ ਕਾਰਨ ਕਾਫ਼ੀ ਲਿਖਤ ਟੋਟੇ ਟੋਟੇ ਹੋ ਚੁੱਕੀ ਸੀ। ਉਨ੍ਹਾਂ ਜਿਵੇਂ ਕਿਵੇਂ ਇਸ ਨੂੰ ਰਲਾ-ਮਿਲਾ ਕੇ ਪੜ੍ਹਿਆ ਤਾਂ ਇਹ ਕੇਵਲ ਸਾਢੇ ਤੇਈ ਸ਼ਿਅਰਾਂ ਦਾ ਪੱਤਰ ਬਣਿਆ। ਇਹ ਤਾਂ ਕਹਿਣਾ ਬਹੁਤ ਮੁਸ਼ਕਲ ਹੈ ਕਿ ਖ਼ਤ ਦਾ ਮੂਲ ਕਲੇਵਰ ਕਿਤਨਾ ਸੀ, ਪਰ ਜੋ ਕੁਝ ਰਤਨਾਕਰ ਜੀ ਦੀ ਯਾਦ-ਦਾਸ਼ਤ ਤੇ ਕਾਗਜ਼ ਦੇ ਪੁਰਜ਼ਿਆਂ ਨੂੰ ਜੋੜ ਕੇ ਬਣਿਆ, ਉਹ ਇਹੋ ਕੁਝ ਸੀ। ਇਸ ਦੀ ਇਕ ਨਕਲ ਬਾਬੂ ਜੀ ਨੇ ਸਰਦਾਰ ਸੁੰਦਰ ਸਿੰਘ ਮਜੀਠੀਏ ਦੇ ਭਰਾ ਸ: ਉਮਰਾਉ ਸਿੰਘ ਜੀ ਨੂੰ ਭੇਜੀ, ਅੱਗੇ ਉਨ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਨੂੰ ਇਕ ਉਤਾਰਾ ਤੇ ਇਕ ਉਤਾਰਾ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਮਾਰਫ਼ਤ ਭਾਈ ਵੀਰ ਸਿੰਘ ਜੀ ਨੂੰ ਭੇਜਿਆ।

ਭਾਈ ਵੀਰ ਸਿੰਘ ਜੀ ਨੇ ਪਹਿਲੀ ਵਾਰ ਆਪਣੀ ਟਿੱਪਣੀ ਦੇ ਕੇ ਇਸ

ਨੂੰ ੧੬ ਜੁਲਾਈ ੧੯੪੨ ਈ: ਦੇ *ਖ਼ਾਲਸਾ ਸਮਾਚਾਰ* (ਅੰਮ੍ਰਿਤਸਰ) ਵਿਚ ਛਾਪ ਦਿੱਤਾ। ਇਸ ਤੋਂ ਪਿੱਛੋਂ ਸ: ਕਪੂਰ ਸਿੰਘ ਆਈ.ਸੀ.ਐਸ. ਨੇ *ਫ਼ਤਿਹਨਾਮਾ* ਨਾਂ ਦਿਤਾ ਤੇ ਪ੍ਰੋ: ਗੰਡਾ ਸਿੰਘ ਨੇ ਵੀ ਇਸ ਬਾਰੇ ਆਪਣੇ ਵਿਚਾਰ ਦਿੱਤੇ।

ਸਾਡੇ ਸਾਹਮਣੇ ਗੁਰੂ ਗੋਬਿੰਦ ਸਿੰਘ ਰਚਿਤ ਗਿਆਰਾਂ ਹਕਾਯਤਾਂ ਤੇ ਜ਼ਫ਼ਰਨਾਮਾ ਮੌਜੂਦ ਹੈ, ਜੋ ਕਿ ਉਨ੍ਹਾਂ ਦੀ ਫ਼ਾਰਸੀ ਰਚਨਾ ਦਾ ਨਮੂਨਾ ਪੇਸ਼ ਕਰਦਾ ਹੈ। ਇਸ ਤੋਂ ਅਸੀਂ ਉਨ੍ਹਾਂ ਦੀ ਜ਼ਬਾਨਦਾਨੀ ਤੇ ਸ਼ਾਇਰਾਨਾ ਸ਼ੈਲੀ ਦਾ ਅਨੁਮਾਨ ਲਾ ਸਕਦੇ ਹਾਂ। ਪਰ ਇਸ ਜੰਗਨਾਮੇ ਦੀ ਕਾਵਿ-ਸ਼ੈਲੀ ਉਪਰੋਕਤ ਰਚਨਾਵਾਂ ਨਾਲ ਨਹੀਂ ਰਲਦੀ। ਫਿਰ ਜਿੰਨਾ ਅਕਾਲੀ ਵਿਸ਼ਵਾਸ ਤੇ ਰੱਬੀ ਟੇਕ ਨੂੰ ਜ਼ਫ਼ਰਨਾਮੇ ਵਿਚ ਬਾਰ ਬਾਰ ਦੁਹਰਾਇਆ ਗਿਆ ਹੈ, ਉਤਨਾ ਇਸ ਖ਼ਤ ਵਿਚ ਨਹੀਂ, ਜੋ ਕਿ ਗੁਰੂ-ਸ਼ਖ਼ਸੀਅਤ ਦਾ ਮੂਲ ਆਧਾਰ ਹੈ ਸੀ ਤੇ ਜਿਸ ਆਸਰੇ ਆਪ ਔਰੰਗਜ਼ੇਬ ਵਰਗੇ ਦੁਨੀਆ ਦੇ ਵੱਡੇ ਸ਼ਹਿਨਸ਼ਾਹ ਨਾਲ ਟੱਕਰ ਲੈਣ ਦਾ ਸਾਹਸ ਰੱਖਦੇ ਹੋਏ 'ਭਾਰੀ ਭੁਜਾਨ ਕੋ ਭਾਰੀ ਭਰੋਸੋ' ਦਾ ਮਾਣ ਕਰਦੇ ਸਨ। ਕੁਝ ਤੇਜ਼-ਤਰਾਰ ਗੱਲਾਂ ਹੋਰ ਵੀ ਹਨ, ਜੋ ਸ਼ਾਇਦ ਗੁਰੂ ਸਾਹਿਬ ਲਿਖਣਾ ਪਸੰਦ ਨ ਕਰਦੇ, ਜਿਵੇਂ ਕਿ 'ਮੈਂ ਪੰਜਾਬ ਵਿਚ ਐਸੀ ਅੱਗ ਬਾਲ ਦਿਆਂਗਾ ਜਿਥੇ ਕਿ ਤੈਨੂੰ ਪੈਰ ਧਰਨਾ ਔਖਾ ਹੋ ਜਾਵੇਗਾ, ਜਾਂ ਤੂੰ ਮੇਰੇ ਨਾਲ ਮੈਦਾਨ ਵਿਚ ਦੋ ਹੱਥ ਕਰ ਕੇ ਦੇਖ, ਆਦਿਕ।'

ਸੰਭਵ ਹੈ, ਅੱਗ ਵਾਲੀ ਗੱਲ ਬੰਦਾ ਬਹਾਦਰ ਵੱਲੋਂ ਮਚਾਈ ਗਈ ਤਰਥੱਲੀ ਨੂੰ ਦੇਖ ਕੇ ਹੀ ਲਿਖੀ ਗਈ ਹੋਵੇ।

ਮੈਨੂੰ ਇਉਂ ਜਾਪਦਾ ਹੈ ਕਿ ਕਿਸੇ ਸਮਕਾਲੀ ਸ਼ਾਇਰ ਨੇ ਗੁਰੂ ਜੀ ਦੀ ਲਾਸਾਨੀ ਨਿਰਭੈਤਾ ਤੇ ਵਰਿਆਮਗੀ ਦਾ ਕਿੱਸਾ ਸੁਣਿਆ ਤਾਂ ਉਸ ਸਤਿਗੁਰਾਂ ਦੀ ਸ੍ਵੈਮਾਨ-ਪੂਰਨ ਆਤਮਾ ਵਿਚ ਬਹਿ ਕੇ ਇਹ ਖ਼ਤ ਔਰੰਗਜ਼ੇਬ ਨੂੰ ਸੰਬੋਧਨ ਕੀਤਾ। ਮੇਰੇ ਇਸ ਕਿਆਸ ਦਾ ਇਕ ਪ੍ਰਮਾਣ ਇਹ ਵੀ ਹੈ ਕਿ ਇਸੇ ਤਰ੍ਹਾਂ ਦਾ ਇਕ ਫ਼ਾਰਸੀ ਖ਼ਤ ਸ਼ਿਵਾ ਜੀ ਵੱਲੋਂ ਮਿਰਜ਼ਾ ਰਾਜਾ ਜੈ ਸਿੰਘ ਦੇ ਨਾਂ ਲਿਖਿਆ ਗਿਆ ਸੀ ਤੇ ਉਹ ਵੀ ਬਾਵਾ ਸੁਮੇਰ ਸਿੰਘ ਜੀ ਦੇ ਸੰਚਯ ਵਿਚ ਸੀ। ਬਾਬੂ ਜਗਨ ਨਾਥ ਦਾਸ ਰਤਨਾਕਰ ਨੇ ਇਨ੍ਹਾਂ ਦੋਵੇਂ ਫ਼ਾਰਸੀ ਖ਼ਤਾਂ ਦੇ ਉਤਾਰੇ ਬਾਵਾ ਜੀ ਤੋਂ ਲੀਤੇ ਸਨ ਤੇ ਸ਼ਿਵਾ ਜੀ ਵਾਲਾ ੯੧ ਸ਼ਿਅਰਾਂ ਦਾ ਖ਼ਤ *ਨਾਗਰੀ ਪ੍ਰਚਾਰਣੀ ਪੱਤ੍ਰਿਕਾ*, ਭਾਗ ੩, ਅੰਕ ੨, ਸਾਵਣ ੧੯੭੯ ਬਿ: (ਅਗਸਤ ੧੯੨੨) ਵਿਚ

ਹਿੰਦੀ ਤਰਜਮਾ ਕਰ ਕੇ ਛਪਵਾਇਆ ਸੀ। ਇਹ ਸਭ ਜਾਣਦੇ ਹਨ ਕਿ ਸ਼ਿਵਾ ਜੀ (੧੬੨੭—੮੦ ਈ:) ਤੇਗ਼ ਦਾ ਧਨੀ ਸੀ, ਕਲਮ ਦਾ ਨਹੀਂ। ਉਹ ਸਮੇਂ ਅਨੁਸਾਰ ਥੋੜ੍ਹਾ ਬਹੁਤਾ ਫ਼ਾਰਸੀ ਬੋਧ ਤਾਂ ਰੱਖਦਾ ਹੋਵੇਗਾ ਪਰ ਉਹ ਫ਼ਾਰਸੀ ਦਾ ਸ਼ਾਇਰ ਨਹੀਂ ਸੀ। ਮਾਲੂਮ ਹੁੰਦਾ ਹੈ ਕਿ ਉਸ ਦੇ ਕਿਸੇ ਨਿਕਟਵਰਤੀ ਆਲਮ ਫ਼ਾਜ਼ਲ ਮੁਨਸ਼ੀ ਨੇ ਇਹ ਗ਼ੈਰਤ-ਭਰਿਆ ਖ਼ਤ ਮਿਰਜ਼ਾ ਰਾਜਾ ਜੈ ਸਿੰਘ ਨੂੰ ਇਸ ਲਈ ਲਿਖਿਆ ਸੀ ਤਾਕਿ ਉਹ ਮੁਗ਼ਲ ਫ਼ੌਜਾਂ ਦਾ ਸਾਥ ਛੱਡ ਕੇ ਸ਼ਿਵਾ ਜੀ ਦੀ ਕ੍ਰਾਂਤੀਕਾਰੀ ਸੈਨਾ ਦਾ ਮੁਖੀਆ ਬਣ ਕੇ ਅਤਿਆਚਾਰੀ ਔਰੰਗਜ਼ੇਬ ਨਾਲ ਟੱਕਰ ਲਵੇ ਪਰ ਇਹ ਗੱਲ ਨਾ ਹੋਈ।

ਦੋਹਾਂ ਖ਼ਤਾਂ ਵਿਚ ਇਕ ਗੱਲ ਜੋ ਬਾਰ ਬਾਰ ਆਈ ਹੈ, ਉਹ ਇਹ ਹੈ ਕਿ ਔਰੰਗਜ਼ੇਬ ਜਿਥੇ ਬੜਾ ਜਾਬਰ ਅਤੇ ਅਤਿਆਚਾਰੀ ਸੀ, ਉਥੇ ਉਹ ਫ਼ਰੇਬ ਤੇ ਮੱਕਾਰੀ ਤੋਂ ਵੀ ਬਹੁਤ ਕੰਮ ਲੈਂਦਾ ਸੀ। ਸ਼ਾਇਦ ਇਸੇ ਕਰਕੇ ਬਾਵਾ ਸੁਮੇਰ ਸਿੰਘ ਜੀ ਨੇ ਇਨ੍ਹਾਂ ਦੋਹਾਂ ਇਤਿਹਾਸਕ ਖ਼ਤਾਂ ਦੀ ਆਪਣੇ ਸੰਚਯ ਵਿਚ ਸੰਭਾਲ ਕੀਤੀ ਤੇ ਉਨ੍ਹਾਂ ਤੋਂ ਅੱਗੇ ਬਾਬੂ ਜੀ ਨੇ ਉਤਾਰੇ ਹਾਸਲ ਕੀਤੇ। ਬਾਵਾ ਜੀ ਵਿਆਹੇ ਨਹੀਂ ਸਨ, ਉਨ੍ਹਾਂ ਦਾ ਭਾਈਚਾਰਾ ਯੂ.ਪੀ. ਦੇ ਜ਼ਿਲ੍ਹਾ ਆਜ਼ਮਗੜ੍ਹ ਵਿਚ ਨਿਜ਼ਾਮਾਬਾਦ ਨਗਰ ਵਿਚ ਵੱਸਦਾ ਹੈ। ਜੇ ਕੋਈ ਖੋਜੀ ਉੱਦਮ ਕਰੇ ਤਾਂ ਆਪ ਦੇ ਸੰਗ੍ਰਹਾਲੇ ਵਿਚੋਂ ਸ਼ਾਇਦ ਇਸ ਜੰਗਨਾਮੇ ਦੀ ਪੂਰੀ ਪੂਰੀ ਨਕਲ ਮਿਲ ਸਕੇ। ਪਟਨੇ ਦੇ ਤੋਸ਼ੇਖ਼ਾਨੇ ਵਿਚ ਮੈਂ ਕੁਝ ਖੋਜ ਭਾਲ ਕੀਤੀ ਸੀ, ਪਰ ਉਥੋਂ ਅਜਿਹੀ ਚੀਜ਼ ਨਹੀਂ ਮਿਲ ਸਕੀ, ਉਨ੍ਹਾਂ ਇਤਨਾ ਜ਼ਰੂਰ ਦੱਸਿਆ ਸੀ ਕਿ ਬਾਵਾ ਜੀ ਦਾ ਸਾਰਾ ਸਾਮਾਨ ਤੇ ਪੁਸਤਕਾਂ ਨਿਜ਼ਾਮਾਬਾਦ ਲਿਜਾਈਆਂ ਗਈਆਂ ਸਨ। ਉਪਰੋਕਤ ਖ਼ਤ ਜਿਸ ਰੂਪ ਵਿਚ ਹੁਣ ਮਿਲਦਾ ਹੈ, ਉਹ ਅੱਗੇ ਦਿੱਤਾ ਜਾ ਰਿਹਾ ਹੈ। ਇਸ ਤੋਂ ਸਮਕਾਲੀ ਹਾਲਾਤ ਦਾ ਚਿੱਤ੍ਰ ਜ਼ਰੂਰ ਸਾਹਮਣੇ ਆਉਂਦਾ ਹੈ, ਭਾਵੇਂ ਇਸ ਦੀ ਪ੍ਰਮਾਣਿਕਤਾ ਨਿਰਸ਼ੰਕ ਨਹੀਂ।



# ਜੰਗਨਾਮਾ

**ਬਨਾਮਿ ਖ਼ੁਦਾਵੰਦਿ ਤੇਗ਼ੋ ਤਬਰ**
**ਖ਼ੁਦਾਵੰਦਿ ਤੀਰੋ ਸਨਾਨੋ ਸਿਪਰ।੧।**

ਨਾਮ ਲੈ ਕੇ ਤਲਵਾਰ ਤੇ ਛਵ੍ਹੀ ਦੇ ਮਾਲਕ ਦਾ ਅਤੇ ਤੀਰ, ਅਣੀ ਤੇ ਢਾਲ ਦੇ ਵਾਲੀ ਦਾ।

**ਖ਼ੁਦਾਵੰਦਾਨਿ ਮਰਦਾਨਿ ਜੰਗ ਆਜ਼ਮਾ**
**ਖ਼ੁਦਾਵੰਦਾਨਿ ਅਸਪਾਨਿ ਪਾ ਦਰ ਹਵਾ।੨।**

ਮੈਦਾਨੇ ਜੰਗ ਦੇ ਅਨੁਭਵੀ ਸੂਰਬੀਰਾਂ ਦੇ ਮਾਲਕ ਦਾ ਅਤੇ ਪੌਣ ਵਰਗੀ ਤੇਜ਼ ਚਾਲ ਚੱਲਣ ਵਾਲੇ ਰਾਕਿਆਂ ਦੇ ਮਾਲਕ ਦਾ।

**ਹਮਾ ਕੁ ਤੁਰਾ ਪਾਤਸ਼ਾਹੀ ਬਿਦਾਦ**
**ਬਮਾ ਦੌਲਤੇ ਦੀਂ-ਪਨਾਹੀ ਬਿਦਾਦ।੩।**

ਉਸ ਰੱਬ ਨੇ ਜਿਸ ਤੈਨੂੰ ਬਾਦਸ਼ਾਹੀ ਦਿੱਤੀ ਤੇ ਸਾਨੂੰ ਧਰਮ-ਰੱਖਿਆ ਦੀ ਕਾਰ ਦਾ ਆਸਰਾ ਬਖ਼ਸ਼ਿਆ ਹੈ।

**ਤੁਰਾ ਤੁਰਕ ਤਾਜ਼ੀ ਬ ਮਕਰੋ ਰਿਆ**
**ਮਰਾ ਚਾਰਾ ਸਾਜ਼ੀ ਬ ਸਿਦਕੋ ਸਫ਼ਾ।੪।**

ਤੈਨੂੰ ਦਗੇ ਫ਼ਰੇਬ ਵਾਲੀ ਨੱਸ-ਭੱਜ ਅਤੇ ਸਾਨੂੰ ਸੱਚਾਈ ਤੇ ਸਿਦਕ ਵਾਲੀ ਘਾਲ ਦਿੱਤੀ।

**ਨ ਜ਼ੇਬਦ ਤੁਰਾ ਨਾਮ ਅਉਰੰਗਜ਼ੇਬ**
**ਕਿ ਔਰੰਗਜ਼ੇਬਾਂ ਨ ਆਯਦ ਫ਼ਰੇਬ।੫।**

ਤੈਨੂੰ ਇਹ ਔਰੰਗਜ਼ੇਬ ਨਾਂ ਸ਼ੋਭਦਾ ਨਹੀਂ, ਕਿਉਂਕਿ ਸ਼ਾਹੀ ਤਖ਼ਤਾਂ ਨੂੰ ਸਜਾਉਣਹਾਰਿਆਂ ਲਈ ਛਲ-ਫ਼ਰੇਬ ਨਹੀਂ ਫੱਬਦੇ।

**ਨ ਤਸਬੀਹਤ ਅਜ਼ ਸਜੋ ਰਿਸ਼ਤਾਹਏ ਬੇਸ਼**
**ਕਜ਼ਾਂ ਦਾਨਾਸਾਜ਼ੀ ਵਜ਼ੀਂ ਦਾਨਾ ਖ਼ੇਸ਼।੬।**

ਤੇਰੀ ਤਸਬੀ-ਮਣਕੇ ਅਤੇ ਧਾਗੇ ਤੋਂ ਸਿਵਾ ਕੁਝ ਨਹੀਂ, ਤੂੰ ਮਾਲਾ ਦੇ ਮਣਕਿਆਂ ਨੂੰ ਚੋਗਾ ਤੇ ਧਾਗੇ ਤੋਂ, ਜਾਲ਼ ਦਾ ਕੰਮ ਲੈਂਦਾ ਹੈਂ।

ਤੂ ਖ਼ਾਕਿ ਪਿਦਰ ਰਾ ਬ-ਕਿਰਦਾਰਿ ਜ਼ਿਸ਼ਤ
ਬਖ਼ੂਨਿ ਬਿਰਾਦਰ ਬਿਦਾਦੀ ਸਰਿਸ਼ਤ।੭।

ਤੂੰ ਆਪਣੇ ਪਿਉ ਦੀ ਮਿੱਟੀ ਭੈੜੀਆਂ ਕਰਤੂਤਾਂ ਨਾਲ ਤੇ ਸਕੇ ਭਾਈ ਦੇ ਲਹੂ ਨਾਲ ਗੁੰਨ੍ਹੀ ਹੈ।

ਵਜ਼ਾਂ ਖ਼ਾਨਹਏ ਖ਼ਾਮ ਕਰਦੀ ਬਿਨਾਅ
ਬਰਾਇ ਦਰੇ ਦਉਲਤੇ ਖ਼ੇਸ਼ ਰਾ।੮।

ਫਿਰ ਤੂੰ ਅਜ਼ਿਹੀ ਨੀਂਹ ਉੱਤੇ ਕੱਚਾ ਕੋਠਾ ਬਣਾਇਆ ਹੈ, ਆਪਣੀ ਰਿਹਾਇਸ਼ ਲਈ।

ਮਨ ਅਕਨੂੰ ਬ ਅਫ਼ਜ਼ਾਲਿ ਪੁਰਸ਼ ਅਕਾਲ
ਕੁਨਮ ਆਬਿ ਆਹਨ ਚੁਨਾਂ ਬਰਸ਼ਿ ਕਾਲ।੯।

ਮੈਂ ਰੱਬੀ ਕ੍ਰਿਪਾ ਦੇ ਸਦਕੇ ਲੋਹੇ ਦੀ ਧਾਰ ਨਾਲ ਬਰਖਾ ਰੁੱਤ ਦੇ ਜ਼ੋਰਦਾਰ ਮੀਂਹ ਵਾਂਗ ਹੱਲਾ ਕਰਾਂਗਾ।

**ਕਿ ਹਰਗਿਜ਼ ਅਜ਼ਾਂ ਚਾਰ ਦੀਵਾਰ ਸ਼ੂਮ**
**ਨਿਸ਼ਾਨੇ ਨ ਮਾਨਦ ਬਰੀਂ ਪਾਕ ਬੂਮ।੧੦।**

ਤਾਂਕਿ ਇਸ ਪਵਿੱਤਰ ਪਾਕ ਧਰਤੀ ਉੱਤੇ ਤੇਰੀ ਉਸ ਮਨਹੂਸ ਚਾਰ-ਦੀਵਾਰੀ ਦਾ ਨਿਸ਼ਾਨ ਨਾ ਰਹੇ।

**ਜ਼ਿ ਕੋਹਿ ਦੱਕਨ ਤਿਸ਼ਨਾ ਕਾਮ ਆਮਦੀ**
**ਜ਼ਿ ਮੇਵਾੜ ਹਮ ਤਲਖ਼ ਜਾਮ ਆਮਦੀ।੧੧।**

ਮੈਨੂੰ ਪਤਾ ਹੈ ਕਿ ਤੂੰ ਦੱਖਣੀ ਪਹਾੜਾਂ ਭਾਵ ਮਰਾਠਿਆਂ ਦੇ ਦੇਸ ਤੋਂ ਵੀ ਤਿਹਾਇਆ ਪਰਤਿਆ ਹੈਂ ਅਤੇ ਮੇਵਾੜ ਤੋਂ ਵੀ ਕੌੜਾ ਘੁੱਟ ਭਰ ਕੇ ਆਇਆ ਹੈਂ।

**ਬਰੀਂ ਸੂ ਚੂੰ ਅਕਨੂ ਨਿਗਾਹਤ ਦਵਦ**
**ਕਿ ਆਂ ਤਲਖ਼ੀ ਵ ਤਿਸ਼ਨਗੀਯਤ ਰਵਦ।੧੨।**

ਹੁਣ ਜਦ ਤੇਰੀ ਨਿਗਾਹ ਇਸ ਪਾਸੇ ਪਈ ਹੈ ਤਾਂ ਛੇਤੀ ਉਹ ਤਲਖ਼ੀ ਤੇ ਤ੍ਰਿਖਾ ਜ਼ਰੂਰ ਮਿਟਾਈ ਜਾਵੇਗੀ।



**ਚੁਨਾਂ ਆਤਸ਼ਿ ਜ਼ੇਰਿ ਨਾਅਲਤੁ ਨਿਹਮ**
**ਜ਼ਿ ਪੰਜਾਬ ਆਬਤ ਨ ਖ਼ੁਰਦਨ ਦਿਹਮ।੧੩।**

ਮੈਂ ਤੇਰੇ ਪੈਰਾਂ ਹੇਠ ਅਜਿਹੀ ਅੱਗ ਰੱਖਾਂਗਾ ਕਿ ਪੰਜਾਬ ਦੀ ਧਰਤੀ ਤੋਂ ਤੈਨੂੰ ਪਾਣੀ ਦਾ ਘੁੱਟ ਨਹੀਂ ਪੀਣ ਦਿਆਂਗਾ।

**ਚਿ ਸ਼ੁਦ ਗਰ ਸ਼ਿਗ਼ਾਲੇ ਬਮਕਰਿ ਰਿਆ**
**ਹਮੀ ਕੁਸ਼ਤ ਦੋ ਬੱਚਹਾਏ ਸ਼ੇਰ ਰਾ।੧੪।**

ਕੀ ਹੋ ਗਿਆ ਜੇ ਗਿੱਦੜ ਨੇ ਛਲ-ਫ਼ਰੇਬ ਨਾਲ ਸ਼ੇਰ ਦੇ ਦੋ ਬੱਚੇ ਮਾਰ ਦਿੱਤੇ।

**ਚੁ ਸ਼ੇਰਿ ਜ਼ਯਾਂ ਜ਼ਿੰਦਾ ਮਾਨਦ ਹਮੀ**
**ਜ਼ਿ ਤੁ ਇੰਤਕਾਮੇ ਸਤਾਨਦ ਹਮੀ।੧੫।**

ਪਰ ਅਜੇ ਖ਼ੂਨੀ ਬੱਬਰ ਸ਼ੇਰ ਜੀਊਂਦਾ ਹੈ, ਉਹ ਜ਼ਰੂਰ ਤੈਥੋਂ ਬਦਲਾ ਲਵੇਗਾ।

**ਨ ਦੀਗਰ ਗਰਾਯਮ ਬਨਾਮੇ ਖ਼ੁਦਾਤ**
**ਕਿ ਦੀਦਮ ਖ਼ੁਦਾ ਓ ਕਲਾਮਿ ਖ਼ੁਦਾਤ।੧੬।**

ਮੈਂ ਹੁਣ ਮੁੜ ਕੇ ਰੱਬ ਦੇ ਨਾਂ ਉੱਤੇ ਖਾਧੀ ਕਸਮ 'ਤੇ ਭਰੋਸਾ ਨਹੀਂ ਕਰਾਂਗਾ, ਕਿਉਂਕਿ ਤੇਰੇ ਰੱਬ ਤੇ ਤੇਰੇ ਰੱਬੀ ਕਲਾਮ ਨੂੰ ਮੈਂ ਦੇਖ ਚੁੱਕਾ ਹਾਂ।

**ਬ ਸੌਗੰਦਿ ਤੋ ਏਅਤਬਾਰੇ ਨਮਾਂਦ**
**ਮਰਾ ਜੁਜ਼ ਬ ਸ਼ਮਸ਼ੀਰ ਕਾਰੇ ਨਮਾਂਦ।੧੭।**

ਮੈਨੂੰ ਤੇਰੀ ਖ਼ੁਦਾਈ ਕਸਮ ਉੱਤੇ ਇਤਬਾਰ ਹੀ ਨਹੀਂ ਰਿਹਾ, ਸੋ ਮੇਰੇ ਲਈ ਹੁਣ ਤੇਗ਼ ਤੋਂ ਸਿਵਾ ਕੌਈ ਵੀ ਚਾਰਾ ਨਹੀਂ।

**ਤੂ ਈਂ ਗੁਰਗਿ ਬਾਰਾ ਕਸ਼ੀਦਹ ਅਗਰ**
**ਨਿਹਮ ਨੀਜ਼ ਸ਼ੇਰੇ ਜ਼ਿ ਦਾਮਿ ਬਦਰ।੧੮।**

ਤੂੰ ਬੜਾ ਚਾਲਾਕ ਬਘਿਆੜ ਸਿੱਧ ਹੋਇਆ ਹੈਂ, ਪਰ ਮੈਂ ਵੀ ਸ਼ੇਰ ਨੂੰ ਤੇਰੇ ਮੁਕਾਬਲੇ 'ਤੇ ਖੁੱਲ੍ਹਾ ਛੱਡਾਂਗਾ।

ਅਗਰ ਬਾਜ਼ ਗੁਫ਼ਤੋ ਸ਼ੁਨੀਦਤ ਬਮਾਸਤ
ਨੁਮਾਇਮ ਤੁਰਾ ਜਾਦਹਏ ਪਾਕ ਰਾਸਤ।੧੯।

ਜੇ ਤੇਰੀ ਮੇਰੀ ਗੱਲਬਾਤ ਹੋਈ ਤਾਂ ਤੈਨੂੰ ਸਿੱਧਾ ਸਤੋਲ ਰਾਹ ਦਿਖਾਵਾਂਗਾ।

ਬਮੈਦਾਂ ਦੋ ਲਸ਼ਕਰ ਸਫ਼ਾਂ ਰਾ ਸ਼ਵੰਦ
ਜ਼ੁਦੀ ਬਹਮ ਆਸ਼ਕਾਰਾ ਸ਼ਵੰਦ।੨੦।

ਮੈਦਾਨ ਵਿਚ ਦੋਵੇਂ ਫ਼ੌਜਾਂ ਕਤਾਰ ਬੰਨ੍ਹ ਖੜੋ ਜਾਣ ਤੇ ਤਤਕਾਲ ਆਹਮੋ-ਸਾਹਮਣੇ ਵੀ ਆ ਜਾਵਣ।

ਮਯਾਨੇ ਦੋ ਮਾਨਦ ਵ ਫ਼ਰਸੰਗ ਰਾ
... ... ... ।੨੧।

ਦੋਹਾਂ ਫ਼ੌਜਾਂ ਦੇ ਦਰਮਿਆਨ ਫ਼ਰਸੰਗ (ਲੰਬੀ ਦੂਰੀ) ਦਾ ਫ਼ਾਸਲਾ ਵੀ ਰੱਖ ਲਿਆ ਜਾਵੇ।

**ਅਜ਼ਾਂ ਪਸ ਦਰਾਂ ਅਰਸਾਏ ਕਾਰਜ਼ਾਰ**
**ਮਨ ਆਯਮ ਜਰੀਦਹ ਤੂ ਬ ਦੋ ਸਵਾਰ।੨੨।**

ਇਸ ਤੋਂ ਪਿੱਛੋਂ ਉਸ ਰਣ-ਭੂਮੀ ਵਿਚ ਮੈਂ ਇਕੱਲਾ ਨਿਤਰਾਂਗਾ ਤੇ ਤੂੰ ਬੇਸ਼ੱਕ ਦੋ ਸਵਾਰ ਲੈ ਕੇ ਆ ਜਾਵੀਂ।

**ਤੂ ਅਜ਼ ਨਾਜ਼ੋ ਨਿਅਮਤ ਸਮਰ ਖ਼ੁਰਦਹਈ**
**ਜ਼ਿ ਜੰਗੇ ਜਵਾਨਾਂ ਨ ਬਰਖ਼ੁਰਦਈ।੨੩।**

ਤੂੰ ਲਾਡਾਂ ਨਿਆਮਤਾਂ ਦੇ ਫਲ ਤਾਂ ਖਾਧੇ ਹੋਏ ਹਨ ਪਰ ਕਦੀ ਜੰਗੀ ਜੋਧਿਆਂ ਦੇ ਸਨਮੁਖ ਨਹੀਂ ਹੋਇਆ।

**ਬਮੈਦਾਂ ਬਿਆ ਖ਼ੁਦ ਬਤੇਗ਼ੋ ਤਬਰ**
**ਮਕੁਨ ਖ਼ਲਕਿ ਖ਼ੱਲਾਕ ਜ਼ੇਰੋ ਜਬਰ।੨੪।**

ਤੂੰ ਤਲਵਾਰ ਤੇ ਛਵ੍ਹੀ ਲੈ ਕੇ ਖ਼ੁਦ ਮੈਦਾਨ ਵਿਚ ਆ, ਐਵੇਂ ਖ਼ਾਲਕ—ਰੱਬ ਦੀ ਖ਼ਲਕਤ ਨੂੰ ਹੇਠ ਉੱਤੇ ਕਰ ਕੇ ਤਬਾਹ ਨਾ ਕਰ।

# ਸਫ਼ਰਨਾਮਾ ਤੇ ਅਮਰਨਾਮਾ

ਇਹ ਅਮਰਨਾਮੇ ਦੀ ਪੋਥੀ ਗਿ: ਗੁਰਦਿੱਤ ਸਿੰਘ ਦੀ ਲੱਭਤ ਹੈ। ਗੱਲ ਇਉਂ ਸੀ ਕਿ ਸ: ਗਿਆਨ ਸਿੰਘ ਰਾੜੇਵਾਲਾ ਮੁੱਖ ਮੰਤਰੀ ਪੈਪਸੂ ਸਰਕਾਰ ਪਾਸ ਬਸ਼ੀਰ ਨਾਂ ਦਾ ਇਕ ਡਰਾਈਵਰ ਸੀ, ਜਿਸ ਦਾ ਪਿਤਾ ਭਾਈ ਫੱਤਾ ਢਾਡੀ ਘਰਾਣੇ ਨਾਲ ਸੰਬੰਧ ਰੱਖਦਾ ਸੀ। ਇਹ ਬਜ਼ੁਰਗ ਸਿਖਾਂ ਵਾਂਙ ਦੂਹਰਾ ਦਸਤਾਰਾ ਸਜਾ ਕੇ ਰਖਦਾ ਤੇ ਸਰੰਦੇ ਨਾਲ ਸ਼ਬਦ ਗਾਉਂਦਾ ਹੁੰਦਾ ਸੀ। ਉਸ ਨੇ ਆਪਣਾ ਪਿੱਛਾ ਦੱਸਦਿਆਂ ਇਹ ਬਿਆਨ ਕੀਤਾ ਕਿ ਨੱਥ ਮੱਲ ਤੇ ਅਬਦੁੱਲਾ ਮਾਸੀਆਂ ਦੇ ਪੁੱਤ ਭਰਾ ਸਨ, ਜੋ ਗੁਰੂ ਹਰਿਗੋਬਿੰਦ ਦੇ ਦਰਬਾਰ ਵਿਚ ਵਾਰਾਂ ਗਾਇਆ ਕਰਦੇ ਸਨ। ਨੱਥ ਮੱਲ ਦਸਵੇਂ ਪਾਤਸ਼ਾਹ ਤਕ ਜੀਉਂਦਾ ਰਿਹਾ ਤੇ ਗੁਰੂ ਸਾਹਿਬ ਨਾਲ ਦੱਖਣ ਵੀ ਗਿਆ। ਅੱਗੇ ਉਸ ਦੀ ਪੀੜ੍ਹੀ ਇਉਂ ਚੱਲਦੀ ਗਈ—ਨੱਥ ਮੱਲ, ਹੁੱਲੜ, ਗਾਹੀਆ, ਲੱਖ ਦਰਿਆ, ਜਸ ਦਰਿਆ, ਖ਼ਜ਼ਾਨਾ, ਪਿਸ਼ੌਰਾ, ਵਲੈਤੀ ਤੇ ਫੱਤਾ। ਭਾਈ ਪਿਸ਼ੌਰਾ ਤੇ ਉਸ ਦਾ ਪੁੱਤਰ ਭਾਈ ਫੱਤਾ ਆਪਣੇ ਜ਼ਮਾਨੇ ਦੇ ਮਸ਼ਹੂਰ ਢਾਡੀ ਰਹੇ ਹਨ ਤੇ ਸੰਗਤਾਂ ਇਨ੍ਹਾਂ ਦਾ ਚੰਗਾ ਆਦਰ-ਸਨਮਾਨ ਕਰਦੀਆਂ ਸਨ। ਇਹ ਵੀ ਦੱਸਿਆ ਜਾਂਦਾ ਹੈ ਕਿ ਭਾਈ ਖ਼ਜ਼ਾਨੇ ਢਾਡੀ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਕੁਝ ਪਿੰਡ ਵੀ ਮਾਫ਼ੀ ਦਿੱਤੇ ਹੋਏ ਸਨ। ਫਗਵਾੜੇ ਲਾਗੇ 'ਢੰਡੋਲੀਂ ਢਾਡੀਆਂ ਦੀ' ਅਜੇ ਵੀ ਪ੍ਰਸਿੱਧ ਹੈ।

ਸੋ ਭਾਈ ਫੱਤੇ ਪਾਸ ਕੁਝ ਹੱਥ-ਲਿਖਤ ਪੋਥੀਆਂ ਸਨ, ਜਿਨ੍ਹਾਂ ਵਿਚ ਇਹ ਅਮਰਨਾਮਾ, *ਸ੍ਰੀ ਗੁਰ ਸ਼ੋਭਾ* ਦੇ ਨਾਲ ਗੁਰਮੁਖੀ ਵਿਚ ਨਕਲ ਕੀਤਾ ਹੋਇਆ ਸੀ। ਇਹ ਠੀਕ ਹੈ ਕਿ ਇਹ ਰਚਨਾ ਇਨ੍ਹਾਂ ਦੇ ਕਿਸੇ ਵਡਾਰੂ ਦੀ ਕਿਰਤ ਹੀ ਹੈ ਤੇ ਇਸ ਵਿਚ ਕਈ ਥਾਂ ਢਾਡੀ ਦੇ ਮਹਿਮਾ ਦੇ ਸ਼ਿਅਰ ਵੀ ਮਿਲਦੇ ਹਨ। ਨੱਥ ਮੱਲ ਦੀ ਕਿਰਤ ਇਹ ਇਸ ਲਈ ਨਹੀਂ ਮੰਨੀ ਜਾ ਸਕਦੀ ਕਿਉਂਕਿ ੭੩ ਨੰਬਰ ਸ਼ਿਅਰ ਵਿਚ ਇਹ ਅੰਕਿਤ ਹੈ ਕਿ ਬ੍ਰਾਹਮਣ ਨੂੰ ਨਾ ਸੱਦੋ ਤੇ ਨਾ

ਹੀ ਮ੍ਰਿਤਕ ਦੇ ਪਿਤਰਾਂ ਦਾ ਪਤਾ ਕਰੋ, ਢਾਡੀ ਨੂੰ ਕਹੋ ਕਿ ਉਹ ਨੱਥ ਮੱਲ ਦੀ ਵਾਰ ਗਾ ਕੇ ਸੁਣਾਵੇ।

**ਤਲਬ ਕੁਨ ਬ੍ਰਾਹਮਣ ਨ ਅਸਲਾਫ਼ਿ ਊ**
**ਬਖ਼੍ਵਾਂ ਵਾਰਿ ਨੱਥਮੱਲ, ਬ ਢਾਡੀ ਬਗੂ।**

ਇਕ ਗੱਲ ਹੋਰ ਕਿਉਂਕਿ ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਉੱਤਮ ਪੁਰਖ ਦੇ ਤੌਰ 'ਤੇ ਗੱਲ-ਬਾਤ ਕਰਦੇ ਦਿਖਾਏ ਹਨ, ਇਸ ਕਰਕੇ ਕੁਝ ਵਿਦਵਾਨਾਂ ਇਹ ਵੀ ਅਨੁਮਾਨ ਲਾਇਆ ਹੈ ਕਿ ਇਹ ਗੁਰੂ ਦਸਮੇਸ਼ ਦੀ ਕਿਰਤ ਹੈ ਪਰ ਅਜਿਹਾ ਨਹੀਂ ਹੈ, ਕਿਉਂਕਿ ਜ਼ਫ਼ਰਨਾਮੇ ਦੀ ਸ਼ੈਲੀ ਤੇ ਬੋਲੀ ਨਾਲ ਇਹ ਮੇਲ ਨਹੀਂ ਖਾਂਦੀ। ਫਿਰ ਕਿਤੇ ਕਿਤੇ ਢਾਡੀ ਇਉਂ ਵੀ ਬਿਆਨ ਕਰ ਜਾਂਦਾ ਹੈ ਕਿ ਗੁਰੂ ਜੀ ਨੇ ਐਸਾ ਕੀਤਾ। ਜਿਵੇਂ ਕਿ ਦੂਜਾ ਸ਼ਿਅਰ ਇਸ ਪ੍ਰਕਾਰ ਹੈ:

**ਲਬੇ ਗੋਦਰੀ ਗੁਰ ਬਜ਼ਦ ਸ਼ੈਮਾ ਖ਼ੂਲ।੨।**

ਭਾਵ ਸਤਿਗੁਰਾਂ ਗੋਦਾਵਰੀ ਕੰਢੇ ਆਪਣਾ ਤੰਬੂ ਲਾਇਆ। ਜੇ ਗੁਰੂ ਸਾਹਿਬ ਹੀ ਇਸ ਦੇ ਕਰਤਾ ਹੁੰਦੇ ਤਾਂ ਉਹ ਇਉਂ ਹੀ ਲਿਖਦੇ—'ਅਸਾਂ ਗੋਦਾਵਰੀ ਕਿਨਾਰੇ ਤੰਬੂ ਲਾਇਆ।'

ਖ਼ੈਰ, ਇਹ ਰਚਨਾ ਢਾਡੀ ਦੀ ਹੀ ਹੈ, ਜਿਸ ਵਿਚ ਆਮ ਲੋਕ-ਸ਼ੈਲੀ ਦੁਆਰਾ ਗੁਰੂ ਸਾਹਿਬ ਦੇ ਦੱਖਣ ਯਾਤਰਾ ਦੇ ਦੋ ਮੁੱਖ ਬ੍ਰਿਤਾਂਤ ਛੰਦਬੱਧ ਕੀਤੇ ਗਏ ਹਨ। ਪਹਿਲੀ ਘਟਨਾ ਮਾਧੋ ਦਾਸ ਵੈਰਾਗੀ ਨਾਲ ਟੱਕਰ ਲੈ ਕੇ ਉਸ ਨੂੰ ਸਿੱਧੇ ਰਸਤੇ ਪਾਉਣ ਦੀ ਹੈ। ਦੂਜੀ ਵਿਥਿਆ ਕਿਸੇ ਮ੍ਰਿਤਕ ਪ੍ਰਾਣੀ ਦੀ ਹੈ ਜੋ ਮੰਜੀ 'ਤੇ ਪਿਆ ਪ੍ਰਾਣ ਤਿਆਗ ਜਾਂਦਾ ਹੈ ਤੇ ਬ੍ਰਾਹਮਣ ਉਸ ਦੇ ਪੁੱਤਰਾਂ ਨੂੰ ਵਹਿਮ ਪਾਉਂਦਾ ਹੈ ਕਿ ਇਸ ਦੀ ਗਤੀ ਨਹੀਂ ਹੋਣੀ, ਤੂੰ ਗੰਗਾ ਜਾ ਕੇ ਪ੍ਰਾਸ਼ਚਿਤ ਕਰ। ਲੇਕਿਨ ਗੁਰੂ ਸਾਹਿਬ ਇਸ ਭਰਮ-ਵਹਿਮ ਦੀ ਨਿਖੇਧੀ ਕਰਦੇ ਸਿਖਾਂ ਨੂੰ ਸਮਝਾਉਂਦੇ ਹਨ ਕਿ ਬ੍ਰਾਹਮਣ ਦੇ ਜਾਲ ਵਿਚ ਨਹੀਂ ਫਸਣਾ। ਸੋ ਅਸਲ ਵਿਚ ਇਹ ਦੋ ਕਿੱਸੇ ਹਨ, ੬੫ ਨੰਬਰ ਸ਼ਿਅਰ ਤਕ ਬੰਦੇ ਦਾ ਬ੍ਰਿਤਾਂਤ ਹੈ ਤੇ ਅਗੇ ੮੧ ਛੰਦਾਂ ਵਿਚ ਮ੍ਰਿਤਕ ਪ੍ਰਾਣੀ ਦੀ ਕਹਾਣੀ ਹੈ। ਸੋ ਅਸਾਂ ਇਹ ਠੀਕ ਜਾਤਾ

ਹੈ ਕਿ ਪਹਿਲੇ ੬੫ ਛੰਦਾਂ ਦਾ ਸਿਰਲੇਖ *ਜ਼ਫ਼ਰਨਾਮਾ* ਦਿੱਤਾ ਜਾਵੇ, ਕਿਉਂਕਿ ਇਸ ਦੇ ਅੰਤ ਵਿਚ ਦੋ ਵਾਰ ਇਹ ਨਾਂ ਆਇਆ ਵੀ ਹੈ ਤੇ ਦੂਜੀ ਕਥਾ ਨੂੰ *ਅਮਰਨਾਮਾ* ਸਿਰਲੇਖਿਆ ਜਾਵੇ, ਕਿਉਂਕਿ ਇਸ ਵਿਚ ਗੁਰੂ ਸਾਹਿਬ ਆਪਣੇ ਸਿਖਾਂ ਨੂੰ ਅਮਰ-ਹੁਕਮ ਦਿੰਦੇ ਹਨ ਕਿ ਬ੍ਰਾਹਮਣ ਤੋਂ ਸਦਾ ਬਚਿਆ ਜਾਵੇ। ਇਨ੍ਹਾਂ ਦੇ ਭਰਮਾਂ-ਵਹਿਮਾਂ ਦੇ ਜਾਲ ਵਿਚ ਨਾ ਫਸਿਆ ਜਾਵੇ:

**ਮਕੁਨ ਹਰ ਚਿ ਗੋਇੰਦ ਕ੍ਰਿਆ ਕਰਮ**
**ਸਦਾ ਮੀਦਹੰਦ ਸਿੰਘਿ ਮਾਰਾ ਖ਼ਸਮ।੧੪੧।**

ਇਨ੍ਹਾਂ ਦੇ ਕਹੇ 'ਤੇ ਕੋਈ ਕ੍ਰਿਆ ਕਰਮ ਨਾ ਕੀਤਾ ਜਾਵੇ, ਇਹ ਸਦਾ ਸਿਖਾਂ ਨੂੰ ਦੁੱਖ ਦਿੰਦੇ ਰਹੇ ਹਨ।

ਢਾਡੀ ਨੇ ਜਿਵੇਂ ਇਹ ਗੰਗਾ ਤੋਂ ਜਲ ਲਿਆਉਣ ਦੀ ਸਾਖੀ ਸੁਣੀ, ਉਸੇ ਤਰ੍ਹਾਂ ਲਿਖ ਦਿੱਤੀ, ਪਰੰਤੂ ਸਿਖ ਇਤਿਹਾਸ ਵਿਚ ਇਹ ਸਾਖੀ ਗੁਰੂ ਅਰਜਨ ਦੀ ਥਾਂ ਗੁਰੂ ਅਮਰਦਾਸ ਜੀ ਸਮੇਂ ਵਰਤੀ ਦੱਸੀ ਗਈ ਹੈ।

*ਜ਼ਫ਼ਰਨਾਮਾ* ਸ਼ਾਇਦ ਪਹਿਲੀ ਲਿਖਤ ਹੈ, ਜੋ ਬੰਦਾ ਬਹਾਦਰ ਨਾਲ ਵਾਪਰੀ ਘਟਨਾ ਨੂੰ ਹੂ-ਬ-ਹੂ ਬਿਆਨ ਕਰਦੀ ਹੈ। ਇਹ ਇਕ ਹੰਕਾਰਿਆ ਸਾਧ ਸੀ, ਜੋ ਜੰਤ੍ਰਾਂ ਮੰਤ੍ਰਾਂ ਨਾਲ ਆਪਣਾ ਡੰਭ ਚਲਾਉਂਦਾ ਸੀ, ਗੁਰੂ ਸਾਹਿਬ ਨੇ ਇਸ ਦੀ ਸੁਧਾਈ ਕੀਤੀ, ਅੰਮ੍ਰਿਤ ਪਾਨ ਕਰਾ ਕੇ ਬੰਦਾ ਸਿੰਘ ਬਣਾਇਆ ਤੇ ਪੰਜ ਸਿੰਘਾਂ ਦੀ ਅਗਵਾਈ ਵਿਚ ਪੰਜਾਬ ਭੇਜਿਆ। ਜਦੋਂ ਸਿੰਘਾਂ ਨੇ ਇਸ ਦੀਆਂ ਬੱਕਰੀਆਂ ਝਟਕਾ ਛੱਡੀਆਂ ਤਾਂ ਇਹ ਹਿੰਦੂ ਹਜੂਮ ਨੂੰ ਲੈ ਕੇ ਬਾਦਸ਼ਾਹ ਬਹਾਦਰ ਸ਼ਾਹ ਪਾਸ ਜਾ ਫ਼ਰਿਆਦੀ ਹੋਇਆ। ਬਹਾਦਰ ਸ਼ਾਹ ਖ਼ੁਦ ਗੁਰੂ ਸਾਹਿਬ ਪਾਸ ਆਇਆ। ਭਾਈ ਨੰਦ ਲਾਲ ਵੀ ਉਸ ਦੇ ਨਾਲ ਸੀ ਤੇ ਉਸ ਨੇ ਹੀਰੇ ਜਵਾਹਰਾਤ ਭੇਟ ਰਖੇ ਤੇ ਇਕ ਹੀਰਾ ਉਸ ਸਤਿਗੁਰਾਂ ਦੀ ਹਥੇਲੀ 'ਤੇ ਟਿਕਾਇਆ। ਸਤਿਗੁਰਾਂ ਉਹ ਹੀਰਾ ਗੋਦਾਵਰੀ ਵਿਚ ਵਗਾਹ ਮਾਰਿਆ, ਤਾਂ ਬਾਦਸ਼ਾਹ ਨੇ ਹੈਰਾਨ ਹੋ ਕੇ ਪੁੱਛਿਆ ਕਿ ਇਹ ਕੀ ਗੱਲ ਹੈ ਤਾਂ ਗੁਰੂ ਜੀ ਦਾ ਜਵਾਬ ਸੀ ਕਿ ਦਰਿਆ ਮੈਥੋਂ ਹੀਰੇ ਦੀ ਭੇਟ ਮੰਗਦਾ ਸੀ। ਇਸ ਘਟਨਾ ਤੋਂ ਜ਼ਾਹਰ ਹੈ ਕਿ ਗੁਰੂ ਸਾਹਿਬ ਹੀਰੇ ਲਾਲਾਂ ਦੇ ਲੋਭੀ ਨਹੀਂ ਸਨ ਤੇ ਨਾ ਹੀ ਕਿਸੇ ਤੋਂ ਭੈ ਖਾਂਦੇ ਸਨ। ਫਿਰ

ਵੈਰਾਗੀ ਸਾਧ ਨੇ ਰੋ-ਪਿੱਟ ਕੇ ਅਰਜ਼ ਕੀਤੀ ਕਿ ਮੇਰੀਆਂ ਬੱਕਰੀਆਂ ਕਿਉਂ ਜ਼ਿਬਾਹ ਕੀਤੀਆਂ ਗਈਆਂ ਹਨ ਤਾਂ ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਉਧਰ ਸੂਰਜ ਗ੍ਰਹਿਣ ਲੱਗਾ ਹੋਇਆ ਸੀ ਤੇ ਰਾਖਸ਼ਾਂ ਨੇ ਸੂਰਜ ਨੂੰ ਗ੍ਰਸਿਆ ਹੋਇਆ ਸੀ। ਮੈਂ ਸੂਰਜ ਦੇਵਤਾ ਨੂੰ ਮੁਕਤ ਕਰਾਉਣ ਲਈ ਇਹ ਬੱਕਰੀਆਂ ਗ਼ਰੀਬ-ਗ਼ੁਰਬੇ ਨੂੰ ਦਾਨ ਕਰ ਦਿੱਤੀਆਂ। ਇਹ ਸੂਰਜ ਗ੍ਰਹਿਣ ਦੀ ਮਿਤੀ ੩ ਅੱਸੂ ੧੭੬੫ ਬਿ: (੩ ਸਤੰਬਰ ੧੭੦੮ ਈ:) ਸੀ, ੬ ਕੱਤਕ ੧੭੬੫ ਬਿ: ਨੂੰ ਗੁਰੂ ਜੀ ਜੋਤੀ ਜੋਤਿ ਸਮਾਏ। ਇਸ ਤੋਂ ਪ੍ਰਗਟ ਹੈ ਕਿ ਇਹ ਬੰਦਾ ਬਹਾਦਰ ਵਾਲੀ ਘਟਨਾ ਇਕ ਮਹੀਨਾ ਪਹਿਲਾਂ ਵਾਪਰੀ।

ਇਹ ਦੋਵੇਂ ਰਚਨਾਵਾਂ ਕਦੋਂ ਲਿਖੀਆਂ ਗਈਆਂ, ਇਉਂ ਜਾਪਦਾ ਹੈ ਕਿ ਇਹ ਗੁਰੂ ਸਾਹਿਬ ਦੇ ਨਾਦੇੜ ਜੋਤੀ ਜੋਤਿ ਸਮਾਉਣ ਤੋਂ ਫ਼ੌਰਨ ਬਾਅਦ ਰਚੀਆਂ ਗਈਆਂ।* ਨਿੱਕੀਆਂ ਨਿੱਕੀਆਂ ਘਟਨਾਵਾਂ ਦਾ ਵੇਰਵਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਲਿਖਣ ਵਾਲਾ ਢਾਡੀ ਸ਼ਾਇਦ ਖ਼ੁਦ ਅੱਖੀਂ ਵੇਖਣ ਵਾਲਾ ਸੀ। *ਸਫ਼ਰਨਾਮੇ* ਵਿਚ ਥਾਂ ਥਾਂ 'ਬੰਦਾ' ਨਾਂ ਵਰਤਿਆ ਗਿਆ ਹੈ, ਇਸ ਤੋਂ ਵੀ ਜ਼ਾਹਰ ਹੈ ਕਿ ਬੰਦਾ ਬਹਾਦਰ ਦੇ 'ਗੁਰੂ ਸ਼ਰਣ' ਆਉਣ ਤੋਂ ਬਾਅਦ ਹੀ ਇਹ ਰਚਨਾ ਵਜੂਦ ਵਿਚ ਆਈ। ਬੰਦਾ ਬਹਾਦਰ ਨੇ ਪੰਜਾਬ ਵਿਚ ਆ ਕੇ ਕੀ ਕੀਤਾ, ਇਸ ਦਾ ਇਸ਼ਾਰੇ-ਮਾਤਰ ਵੀ ਕੋਈ ਜ਼ਿਕਰ ਨਹੀਂ। ਇਸ ਤੋਂ ਸਿੱਧ ਹੈ ਕਿ ਇਹ ਢਾਡੀ ਸ਼ੈਲੀ ਵਿਚ ਰਚੇ ਬ੍ਰਿਤਾਂਤ ਕਿਸੇ ਸਮਕਾਲੀ ਨੇ ਹੀ ਕਲਮਬੰਦ ਕੀਤੇ ਸਨ। ਸਿਧਾਂਤਕ ਤੌਰ 'ਤੇ ਗੁਰਮਤਿ ਦੀ ਵਿਭਿੰਨਤਾ ਦੱਸਣ ਲਈ ਇਹ ਗੱਲ ਵੀ ਬਾਰ ਬਾਰ ਦ੍ਰਿੜ੍ਹਾਈ ਗਈ ਹੈ ਕਿ ਸਿਖ ਬ੍ਰਾਹਮਣੀ ਭਰਮਾਂ-ਵਹਿਮਾਂ ਦਾ ਕਦਾਚਿਤ ਸ਼ਿਕਾਰ ਨਾ ਹੋਵੇ। ਉਸ ਨੂੰ ਤਾਕੀਦ ਕੀਤੀ ਗਈ ਹੈ ਕਿ ਤੂੰ ਹਿੰਦੂਆਂ ਦੇ ਰਾਹ 'ਤੇ ਚੱਲਣ ਦਾ ਇਰਾਦਾ ਨਾ ਬਣਾ, ਕੇਵਲ ਮੇਰੇ ਪੂੰਜਨੀਕ ਇਸ਼ਟ ਅਕਾਲ ਪੁਰਖ 'ਤੇ ਹੀ ਭਰੋਸਾ ਰੱਖ।

---

*ਇਹ ਲਿਖਤ ਪਹਿਲੀ ਵਾਰੀ ੧੯੫੩ ਈ: ਵਿਚ ਪ੍ਰੋ: ਜੁਗਿੰਦਰ ਸਿੰਘ ਵੱਲੋਂ ਉਲਥਾ ਕਰ ਕੇ *ਪ੍ਰਕਾਸ਼ ਰੋਜ਼ਾਨਾ* (ਪਟਿਆਲਾ) ਵਿਚ ਛਾਪੀ ਗਈ ਸੀ। ਫਿਰ ਪ੍ਰੋ: ਗੰਡਾ ਸਿੰਘ ਨੇ ਸਿਖ ਹਿਸਟਰੀ ਸੁਸਾਇਟੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਕੀਤੀ।

**ਸਰੇ ਇਕਤਿਦਾਏ ਹਨੂਦਾਂ ਮਦਾਰ**
**ਜ਼ਿ ਮਾਬੂਦਿ ਮਨ ਬਾਸ਼ ਉਮੀਦਵਾਰ।੨੪।**

ਅਜਿਹੀਆਂ ਨਸੀਹਤਾਂ ਸਿਖ ਧਰਮ ਦੇ ਸੱਚੇ ਸੁੱਚੇ ਅਸੂਲਾਂ ਉੱਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਲਈ ਸਨ।

[ਅੱਗੇ ਦੋਹਾਂ ਰਚਨਾਵਾਂ ਦਾ ਪਾਠ ਦਿੱਤਾ ਜਾ ਰਿਹਾ ਹੈ।]

*(੨) ਅੰਤਿਕਾ—*

ੴ ਵਾਹਿਗੁਰੂ ਜੀ ਕੀ ਫ਼ਤਹਿ॥

## ਸ.ਫਰਨਾਮਾ

**ਤਟ ਗੁਦਾਵਰੀ ਸ੍ਰੀ ਮੁਖਵਾਕ ਪਾਤਸ਼ਾਹੀ ੧੦**

**ਚੂੰ ਖ਼ੁਦ ਆਤਿਫ਼ਤ ਕਰਦ ਯਜ਼ਦਾਨਿ ਪਾਕ**
**ਜ਼ਿਮੀਂ ਬਰ ਗਿਰ੍ਰਫ਼ਤ ਅਜ਼ ਸੁਮਕ ਤਾ ਸੁਮਾਕ।੧।**

ਜਦ ਪਾਕ ਪਵਿੱਤਰ ਕਰਤਾ ਪੁਰਖ ਨੇ ਆਪ ਕ੍ਰਿਪਾ ਕੀਤੀ ਤਾਂ ਪਾਤਾਲ ਤੋਂ ਅਕਾਸ਼ ਤਕ ਸਾਰੀ ਧਰਤੀ ਵੱਸ ਗਈ।

**ਲਬੇ ਗੋਦਰੀ ਗੁਰ ਬ ਜ਼ਦ ਖ਼ੇਮਾ ਖ਼ੂਲ**
**ਬ ਜਾਏ ਕਿ ਆਸੂਦਾ ਅਹਿਲੇ ਕਬੂਲ।੨।**

ਗੋਦਾਵਰੀ ਕਿਨਾਰੇ ਸਤਿਗੁਰਾਂ ਅਜਿਹੀ ਥਾਂ ਡੇਰੇ ਲਾ ਲਏ, ਜਿਥੇ ਕਿ ਧੁਰ ਪਰਵਾਨ ਬੰਦੇ (ਭਾਵ ਕਬਰਾਂ) ਆਰਾਮ ਕਰਦੇ ਹਨ।

**ਬਸਾ ਕਰਦ ਤੁਰਕਾਨ ਸ਼ੋਰੋ ਫ਼ੁਗਾਂ**
**ਜ਼ ਸਤਿਗੁਰ ਸ਼ੁਦਾ ਖ਼ਰਕਿ ਆਦਤ ਇਯਾਂ। ੩।**

ਮੁਸਲਮਾਨਾਂ ਨੇ ਬਹੁਤ ਰੌਲਾ-ਰੱਪਾ ਪਾਇਆ ਅਤੇ ਗੁਰੂ ਸਾਹਿਬ ਨੇ ਵੀ ਆਪਣੀ ਕਲਾ ਖ਼ੂਬ ਦਿਖਾਈ।

**ਬ ਨਾਲੈਨ ਚੋਬੀ ਵ ਯਕ ਕੂਜ਼ਾ ਸ਼ੀਰ**
**ਬਿਆਰਾਸਤ ਸਜਾਦਏ ਚੂੰ ਸਰੀਰ। ੪।**

ਗੁਰੂ ਜੀ ਨੇ ਤਖ਼ਤ ਪੋਸ਼ 'ਤੇ ਬੈਠੇ ਸਜਾਦੇ (ਮਹੰਤ) ਨੂੰ ਤੱਕਿਆ, ਜਿਸ ਪਾਸ ਦੁੱਧ ਦਾ ਕਮੰਡਲ ਤੇ ਲੱਕੜ ਦੀਆਂ ਖੜਾਵਾਂ ਪਈਆਂ ਸਨ।

**ਗਦਾ ਬੂਦ ਆਂ ਜਾ ਯਕੇ ਤੁੰਦ ਖ਼ੂ**
**ਕਿ ਗੁਲੇ ਬੇਆਬਾਂ ਬ ਤਸਖ਼ੀਰੇ ਊ। ੫।**

ਉਥੇ ਇਕ ਸਖ਼ਤ ਗ਼ੁਸੈਲ ਸਾਧ ਰਹਿੰਦਾ ਸੀ, ਜਿਸ ਦੇ ਕਈ ਭੂਤ-ਪ੍ਰੇਤ ਵੱਸ ਵਿਚ ਸਨ।

**ਦਿਲਸ਼ ਬੇਮੁਹੱਬਤ ਸਰਸ਼ ਪੁਰ ਗ਼ਰੂਰ**
**ਕਿ ਅਜ਼ ਆਬਦੋ ਹੱਕ ਪ੍ਰਸਤਾਂ ਨਫ਼ੂਰ। ੬।**

ਉਸ ਦਾ ਦਿਲ ਪ੍ਰੇਮ-ਪਿਆਰ ਤੋਂ ਸੱਖਣਾ ਤੇ ਘੁਮੰਡ ਨਾਲ ਭਰਿਆ ਹੋਇਆ ਸੀ। ਉਹ ਰੱਬੀ ਉਪਾਸ਼ਕਾਂ ਤੇ ਸਚਿਆਰਿਆਂ ਨੂੰ ਨਫ਼ਰਤ ਕਰਦਾ ਸੀ।

**ਕਿ ਬਾ ਮਨ ਚੁਨਾਂ ਗੁਫ਼ਤ ਬਾਤਲ ਸੁਖ਼ਨ**
**ਕਿ ਬਰ ਨੁਸਰਤੇ ਸ਼ਾਹ ਲਾਫ਼ੇ ਮਜ਼ਨ। ੭।**

ਉਸ ਨੇ ਮੈਨੂੰ ਅਜਿਹੀ ਝੂਠੀ ਨਿਰਮੂਲ ਗੱਲ ਆਖੀ ਕਿ ਤੂੰ ਬਾਦਸ਼ਾਹ ਦੀ ਮਿੱਤ੍ਰਤਾਈ ਕਾਰਨ ਫੜ ਨਾ ਮਾਰ।

**ਬ ਯਕ ਸਾਲ ਗਰਦਦ ਗ੍ਰਿਹ ਆਫ਼ਤਾਬ**
**ਮਨ ਈਂ ਬਹਜ਼ਾਰਾਂ ਕਰਦਮ ਖ਼ਿਤਾਬ। ੮।**

ਇਸ ਸਾਲ ਜਦ ਸੂਰਜ ਗ੍ਰਹਿਣ ਲੱਗਿਆ, ਤਾਂ ਮੈਂ ਹਜ਼ਾਰਾਂ ਲੋਕਾਂ ਨੂੰ ਸੰਬੋਧਨ ਕਰ ਕੇ ਉਪਦੇਸ਼ ਦਿੱਤਾ।

**ਪ੍ਰਸਤਸ਼ ਬਆਇਨਿ ਗੁਰੂ ਨਾਨਕ ਅਸਤ**
**ਦਰੀਂ ਹੇਚ ਅੰਦੇਸ਼ਾ ਓ ਨੈ ਸ਼ੱਕ ਅਸਤ।੯।**

ਮੈਂ ਸਮਝਾਇਆ ਕਿ ਗੁਰੂ ਨਾਨਕ ਦੀ ਦੱਸੀ ਮਰਯਾਦਾ ਅਨੁਸਾਰ ਪੂਜਾ ਪਾਠ ਕਰਨਾ ਠੀਕ ਹੈ, ਇਸ ਵਿਚ ਮੈਨੂੰ ਕੋਈ ਸ਼ੱਕ-ਸੰਦੇਹ ਵੀ ਨਹੀਂ।

**ਸੂਇ ਗੋਦਰੀ ਬੰਦਾ ਰਫ਼ਤਾ ਉ ਬਸ**
**ਸਰੇ ਬਿਸਤਰਸ਼ ਮਾਂਦ ਨ ਹੇਚ ਕਸ।੧੦।**

ਬੰਦਾ ਗੋਦਾਵਰੀ ਨਦੀ ਵੱਲ ਚਲਿਆ ਗਿਆ, ਉਸ ਸਮੇਂ ਉਸ ਦੇ ਆਸਣ 'ਤੇ ਕੋਈ ਨਹੀਂ ਸੀ।

**ਹਯ਼ੱਬਰੇ ਮਨ ਆਨਸਤ ਫ਼ੁਰਮਾਂ ਪਜ਼ੀਰ**
**ਹਮਾਂ ਗੋਸਫ਼ੰਦਾਨਿ ਬੰਦਾ ਬਗੀਰ।੧੧।**

ਮੈਂ ਕਿਹਾ ਕਿ ਮੇਰਾ ਅਜਿਹਾ ਫਰਮਾਂ ਬਰਦਾਰ ਸਿੰਘ ਕੋਈ ਹੈ, ਜੋ ਬੰਦੇ ਦੀਆਂ ਸਾਰੀਆਂ ਬੱਕਰੀਆਂ ਘੇਰ ਲਿਆਵੇ।

ਚੂੰ ਸ਼ੇਰਾਂ ਚੁਨੀਂ ਹੁਕਮੇ ਮਾਰਾ ਸ਼ੁਨੀਦ
ਸੂਏ ਗੋਸਫ਼ੰਦਾਨ ਖ਼ੰਜਰ ਕਸ਼ੀਦ।੧੨।

ਸਿੰਘਾਂ ਨੇ ਸਾਡਾ ਹੁਕਮ ਸੁਣਿਆ ਤੇ ਖ਼ੰਜਰ ਲੈ ਕੇ ਬੱਕਰੇ ਬੱਕਰੀਆਂ ਵੱਲ ਟੁੱਟ ਪਏ।

ਵਹੂਸ਼ਾਂ ਦਵਾ ਚੂੰ ਸਬਾ ਆਮਦੰਦ
ਪਏ ਪੁਖ਼ਤਨਸ਼ ਬਰਮਲਾ ਆਮਦੰਦ।੧੩।

ਜਾਂਗਲੀ ਲੋਕ (ਓਡ, ਕੀਕਨੇ ਵਗੈਰਾ) ਹਵਾ ਵਾਂਙ ਉੱਡ ਕੇ ਮੂਹਰੇ ਆਏ ਤਾਕਿ ਇਹ ਮਾਸ ਰਿੰਨ੍ਹ ਪਕਾ ਸਕਣ।

ਚੂੰ ਮਨ ਕਰਦ ਖ਼ੈਰਾਤ ਅਜ਼ ਹਰ ਦੋ ਦਸਤ
ਦਰੇ ਖ਼ੈਰ ਜੁਜ਼ ਖ਼ਾਕਰੋਬਾਂ ਬਿਬਸਤ।੧੪।

ਜਦ ਮੈਂ ਦੋਵੇਂ ਹੱਥ ਖੋਲ੍ਹ ਕੇ ਇਹ ਦਾਨ ਦਿੱਤਾ ਤਾਂ ਚੂਹੜੇ-ਚਪੜਿਆਂ ਤੋਂ ਇਲਾਵਾ ਸਭ ਲਈ ਖ਼ੈਰਾਤ ਬੰਦ ਕਰ ਦਿੱਤੀ।

**ਯਕੇ ਫ਼ੀਲ ਓ ਪੰਜ ਮੇਸ਼ਾਨਿ ਨਰ**
**ਬੁਲੰਦੋ ਕਵੀ ਜੁੱਸਾ ਓ ਫ਼ਰਬਾ ਤਰ।੧੫।**

ਇਕ ਹਾਥੀ ਤੇ ਪੰਜ ਮੋਟੇ ਤਾਜ਼ੇ ਸੰਢੇ ਦਾਨ ਕੀਤੇ ਗਏ।

**ਵ ਮਨ ਬਾ ਕਸੇ ਮਾਦਾ ਗਾਵਾਂ ਨ ਦਾਦ**
**ਕਿ ਹਰਗਿਜ਼ ਬਦਸਤੇ ਵਹੂਸ਼ਾਂ ਨ ਦਾਦ।੧੬।**

ਮੈਂ ਇਸ ਦਾਨ ਵਿਚ ਗਊਆਂ ਕਿਸੇ ਨੂੰ ਨਾ ਦਿੱਤੀਆਂ, ਖ਼ਾਸ ਕਰਕੇ ਇਨ੍ਹਾਂ ਜਾਂਗਲੀਆਂ ਦੇ ਹੱਥ ਨਾ ਫੜਾਈਆਂ।

**ਚੂੰ ਖ਼ੈਰਾਤ ਬਾ ਖ਼ਾਕਰੋਬਾਂ ਸਪੁਰਦ**
**ਅਜ਼ਾਂ ਬਾਅਦ ਮਨ ਜਸ਼ਨ ਸ਼ਾਹਾਨਾ ਕਰਦ।੧੭।**

ਜਦੋਂ ਇਨ੍ਹਾਂ ਚੂਹੜਿਆਂ ਨੂੰ ਦਾਨ ਦੇ ਦਿੱਤਾ ਗਿਆ ਤਾਂ ਉਸ ਪਿੱਛੋਂ ਅਸਾਂ ਸ਼ਾਹੀ ਜਸ਼ਨ ਕੀਤਾ।

**ਦਰਾਂ ਵਕਤ ਯਕ ਪਾਸਿ ਆਂ ਰੋਜ਼ ਬੂਦ**
**ਸਰਾਇਦ ਢਾਡੀ ਸਰੂਦੋ ਸਰੂਦ।੧੮।**

ਉਸ ਸਮੇਂ ਕੇਵਲ ਇਕ ਪਹਿਰ ਦਿਨ ਬਾਕੀ ਸੀ, ਭਾਵ ਲੌਢਾ ਵੇਲਾ ਸੀ, ਜਦੋਂ ਕਿ ਢਾਡੀ ਨੇ ਗਾਉਣ ਗਾਇਆ।

**ਬ ਔਕਾਤਿ ਅਰਦਾਸ ਸ਼ੀਰੀਂ ਤੁਆਮ**
**ਅਦਾ ਕਰਦ ਰਹਿਰਾਸ ਹੰਗਾਮਿ ਸ਼ਾਮ।੧੯।**

ਸ਼ਾਮ ਵੇਲੇ ਰਹਿਰਾਸ ਦਾ ਪਾਠ ਕੀਤਾ ਗਿਆ ਤੇ ਫਿਰ ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

**ਕਿ ਮਨ ਭੋਗਿ ਰਹਿਰਾਸ ਬਾ ਖ਼ੁਦ ਸਿਤਾਦ**
**ਅਜ਼ਾਂ ਪਸ ਬ ਸਿੰਘਾਂ ਫ਼ਰਮਾਂ ਬਿਦਾਦ।੨੦।**

ਮੈਂ ਆਪ ਰਹਿਰਾਸ ਦੇ ਭੋਗ ਦਾ ਪ੍ਰਸ਼ਾਦ ਲੈ ਲਿਆ ਤੇ ਇਸ ਉਪਰੰਤ ਸਿੰਘਾਂ ਨੂੰ ਹੁਕਮ ਕੀਤਾ।

**ਹਮਾਂ ਗ਼ੁਸਲਿ ਫਰਹਤ ਬ ਫਰਹਤ ਕੁਨੇਦ**
**ਬ ਇਸਮੇ ਗੁਰੂ ਨਾਨਕ ਹਿੰਮਤ ਕੁਨੇਦ।੨੧।**

ਸਾਰੇ ਠਾਠ ਨਾਲ ਇਸ਼ਨਾਨੇ ਸੋਧੇ ਤੇ ਗੁਰੂ ਬਾਬੇ ਦਾ ਨਾਂ ਲੈ ਕੇ ਖ਼ੁਸ਼ੀਆਂ ਮਨਾਓ।

**ਹਯ਼ਬਰਾਂ ਚੁਨੀਂ ਫਿਅਲੇ ਬਾਦ ਅਜ਼ ਸਮਾਅ**
**ਕਿ ਗਾਵਾਂ ਨ ਦਾਦਾ ਵਹੂਸ਼ਾਨਿ ਰਾ।੨੨।**

ਸਿੰਘਾਂ ਨੇ ਇਹ ਹੁਕਮ ਸੁਣਨ ਬਾਅਦ ਗਊਆਂ ਜਾਂਗਲੀ ਲੋਕਾਂ ਨੂੰ ਨਾ ਦਿੱਤੀਆਂ।

**ਬ ਦਿਲ ਦਾਸ਼ਤਮ ਹੁਕਮਿ ਪਰਵਰਦਗਾਰ**
**ਨ ਮਾਨਿੰਦਿ ਊ ਦੀਗਰੇ ਜ਼ੀਨਹਾਰ।੨੩।**

ਦਿਲ ਅੰਦਰ ਕੇਵਲ ਪ੍ਰਤਿਪਾਲਕ ਪਰਮੇਸ਼ਰ ਦੀ ਯਾਦ ਸੀ, ਕਿਉਂਕਿ ਉਸ ਦੇ ਮੁਕਾਬਲੇ ਦਾ ਹੋਰ ਕੋਈ ਨਹੀਂ।

**ਸਰੇ ਇਕਤਿਦਾਏ ਹਨੂਦਾਂ ਮਦਾਰ**
**ਜ਼ਿ ਮਾਬੂਦਿ ਮਨ ਬਾਸ਼ ਉਮੀਦਵਾਰ।੨੪।**

ਹਿੰਦੂਆਂ ਦੇ ਇਤਕਾਦ (ਮੰਨਤ) ਵਾਲਾ ਰਾਹ ਨ ਅਪਣਾਓ, ਕੇਵਲ ਮੇਰੇ ਪੂਜਨੀਕ ਅਕਾਲ ਦੀ ਓਟ ਲਓ।

**ਬ ਪੇਸ਼ਸ਼ ਸਰੇ ਬੰਦਗੀ ਦਾਸ਼ਤਮ**
**ਕਿ ਜ਼ਾਂ ਕੁਦਰਤੋ ਅਜ਼ਮਤੇ ਯਾਫ਼ਤਮ।੨੫।**

ਮੈਂ ਉਸੇ ਪਰਮੇਸ਼ਰ ਦੀ ਬੰਦਗੀ ਲਈ ਸਿਰ ਝੁਕਾਉਂਦਾ ਹਾਂ, ਜਿਸ ਤੋਂ ਮੈਂ ਸ਼ਕਤੀ ਤੇ ਮਾਣ ਵਡਿਆਈ ਪਾਈ ਹੈ।

**ਕਿ ਅਜ਼ ਗੋਦਰੀ ਬੰਦਾ ਆਮਦ ਬਿਰੂੰ**
**ਹਮਾ ਦੀਦਾ ਊ ਗੋਸ਼ਫੰਦਾਂ ਬ ਖ਼ੂੰ।੨੬।**

ਜਦੋਂ ਬੰਦਾ ਗੋਦਾਵਰੀ ਤੋਂ ਨ੍ਹਾ ਕੇ ਬਾਹਰ ਆਇਆ ਤਾਂ ਉਸ ਨੇ ਸਾਰੀਆਂ ਬੱਕਰੀਆਂ ਲਹੂ-ਲੁਹਾਨ ਹੋਈਆਂ ਦੇਖੀਆਂ।

**ਰਵਾਂ ਕਰਦਾ ਆਂ ਸੂਇ ਮਨ ਪੰਜ ਬੀਰ**
**ਪਏ ਕੁਸ਼ਤਨਮ ਬੂਦ ਹਰ ਯਕ ਸ਼ਰੀਰ।੨੭।**

ਉਸ ਨੇ ਮੇਰੇ ਵੱਲ ਪੰਜ ਬੀਰ ਘੱਲੇ, ਹਰੇਕ ਮੈਨੂੰ ਮਾਰਨ ਲਈ ਕਾਹਲਾ ਸੀ।

**ਬਸਾ ਬਰ ਸਰਮ ਦਾਸ਼ਤ ਬੀਰਾਂ ਬਲਾ**
**ਮਨਏ ਮਨ ਸ਼ੁਦਾ ਦਰ ਪਨਾਹੇ ਖ਼ੁਦਾ।੨੮।**

ਇਨ੍ਹਾਂ ਬੀਰਾਂ ਨੇ ਮੇਰੇ ਵੱਲ ਕਈ ਬਲਾਵਾਂ ਘੱਲੀਆਂ, ਪਰੰਤੂ ਮੈਂ ਅਕਾਲ ਪੁਰਖ ਦੀ ਓਟ ਸਦਕੇ ਬਚਿਆ ਰਿਹਾ।

**ਹਮਾਂ ਵਕਤ ਬੀਰਾਂ ਦਰੇ ਜੰਗ ਬਸਤ**
**ਕਿ ਗ਼ਸ਼ਤੰਦ ਸਿੰਘਾਨਿ ਮਨ ਚੀਰਾ ਦਸਤ।੨੯।**

ਉਸ ਸਮੇਂ ਬੀਰਾਂ ਨੇ ਲੜਾਈ ਬੰਦ ਕਰ ਦਿੱਤੀ, ਜਦੋਂ ਕਿ ਮੇਰੇ ਸਿੰਘ ਉਨ੍ਹਾਂ ਉੱਤੇ ਭਾਰੂ ਹੋ ਗਏ ਸਨ।

**ਸੂਇ ਬੰਦਾ ਰਫ਼ਤੰਦ ਬੀਰਾਂ ਜ਼ਬੂੰ**
**ਕਿ ਜ਼ੀਂ ਜੰਗਿ ਸਤਿਗੁਰ ਸ਼ੁਦਾ ਗ਼ਰਕਿ ਖ਼ੂੰ।੩੦।**

ਅਖ਼ੀਰ ਬੀਰ ਹਾਰ ਦੀ ਨਮੋਸ਼ੀ ਨਾਲ ਠਿੱਠ ਹੋਏ ਬੰਦੇ ਵੱਲ ਗਏ, ਕਿਉਂਕਿ ਉਹ ਗੁਰੂ ਨਾਲ ਲੜਦੇ-ਭਿੜਦੇ ਲਹੂ-ਲੁਹਾਨ ਹੋ ਚੁੱਕੇ ਸਨ।

**ਬਦੂ ਗ਼ੁਫ਼ਤ ਬੀਰਾਂ ਕਿ ਅਫ਼ਸੁਰਦਾਏਮ**
**ਜ਼ ਸਤਿਗੁਰ ਬ-ਦੁਸ਼ਵਾਰ ਜਾਂ ਬੁਰਦਾਏਮ।੩੧।**

ਬੀਰਾਂ ਬੰਦੇ ਨੂੰ ਜਾ ਕੇ ਕਿਹਾ ਕਿ ਅਸੀਂ ਤਾਂ ਮਾਰੇ ਗਏ ਹਾਂ ਤੇ ਮਸਾਂ-ਮਸਾਂ ਗੁਰੂ ਤੋਂ ਜਾਨ ਬਚਾਈ ਹੈ।

**ਬਸਾ ਬੀਰ ਸ਼ੁਦ ਬਰ ਗੁਰੂ ਜਾਂ ਨਿਸਾਰ**
**ਬ ਹਮ ਰਾਹੀਅਸ਼ ਗਸ਼ਤ ਗ਼ੈਬੀ ਸਵਾਰ।੩੨।**

ਬਹੁਤ ਸਾਰੇ ਬੀਰ ਬਹਾਦਰ ਸਿਖ ਗੁਰੂ ਲਈ ਜਾਨ ਵਾਰਨ ਵਾਸਤੇ ਤੱਤਪਰ ਸਨ ਤੇ ਗੁਪਤ ਘੋੜ-ਸਵਾਰ ਵੀ ਨਾਲ ਸਨ।

ਨ ਤਰਸੇਮ ਅਜ਼ ਯੋਗਨੀ ਸ਼ਿਸਤੋਚਾਰ
ਜ਼ ਬੀਰਾਨਿ ਪੰਜਾਹ ਦੋ ਤੀਰ ਬਾਰ।੩੩।

ਅਸੀਂ ਚੌਂਹਠ ਜੋਗਣੀਆਂ ਤੋਂ ਵੀ ਨਹੀਂ ਡਰਦੇ ਤੇ ਨਾ ਹੀ ਤੀਰ ਵਰ੍ਹਾਉਣ ਵਾਲੇ ਬਵੰਜਾ ਬੀਰਾਂ ਤੋਂ ਭੈ ਖਾਂਦੇ ਹਾਂ।

ਤਰੀਕਏ ਗੁਰੂ ਅਜ਼ ਗੁਰੂ ਖ਼ਾਸਤੇਮ
ਕਿ ਜਾਂ ਰਾ ਸਲਾਮਤ ਅਜ਼ੀਂ ਦਾਸ਼ਤੇਮ।੩੪।

ਅਸੀਂ ਗੁਰੂ ਪਾਸ ਗੁਰੂ ਦੇ ਪੰਥ ਵਿਚ ਆਉਣ ਲਈ ਅਰਜ਼ ਕੀਤੀ, ਕਿਉਂਕਿ ਸਾਨੂੰ ਜਾਨ ਦਾ ਬਚਾਉ ਇਸੇ ਵਿਚ ਦਿਸਿਆ।

ਨਾਦੇੜ ਅੰਦਰਾਂ ਬੰਦਾ ਆਵੁਰਦ ਤਾਖ਼ਤ
ਗੋਹੇ ਹਨੂਦਾਂ ਫ਼ਰਾਹਮ ਬਸਾਖ਼ਤ।੩੫।

ਬੰਦਾ ਨਾਦੇੜ ਨਗਰ ਵੱਲ ਦੌੜਿਆ ਗਿਆ ਤੇ ਉਸ ਨੇ ਹਿੰਦੂਆਂ ਦੀ ਭੀੜ ਇਕੱਠੀ ਕਰ ਲਈ।

**ਗੁਰੂ ਗੋਸਫ਼ੰਦਾਨਿ ਮਨ ਕੁਸ਼ਤਾ ਕਰਦ**
**ਬ ਸੂਰਜ ਗ੍ਰਿਹ ਚੰਦ ਤਾ ਕੁਸ਼ਤਾ ਕਰਦ।੩੬।**

ਗੁਰੂ ਨੇ ਮੇਰੀਆਂ ਬੱਕਰੀਆਂ ਮਾਰ ਛੱਡੀਆਂ ਹਨ ਤੇ ਜਦ ਸੂਰਜ ਗ੍ਰਹਿਣ ਲੱਗਾ ਹੋਇਆ ਸੀ ਤਾਂ ਇਨ੍ਹਾਂ ਕਈਆਂ ਨੂੰ ਮਾਰਿਆ।

**ਹਨੂਦਾਂ ਸੂਇ ਬੰਦਾ ਕਰਦੰਦ ਨਿਗਾਹ**
**ਵ ਬੁਰਦੰਦ ਫ਼ਰਯਾਦਿ ਖ਼ੁਦ ਪੇਸ਼ਿ ਸ਼ਾਹ।੩੭।**

ਹਿੰਦੂਆਂ ਦੀ ਭੀੜ ਨੇ ਬੰਦੇ ਵੱਲ ਨਿਗਾਹ ਕੀਤੀ ਤੇ ਉਹ ਬਾਦਸ਼ਾਹ (ਬਹਾਦਰ ਸ਼ਾਹ) ਪਾਸ ਫ਼ਰਿਆਦ ਲੈ ਕੇ ਗਏ।

**ਹਮਾ ਮਾਲਦਾਰਾਨੋ ਮੀਰੋ ਵਜ਼ੀਰ**
**ਬ ਦਰਗਾਹਿ ਸੁਲਤਾਂ ਮੁਕੱਰਬ ਕਸੀਰ।੩੮।**

ਜਿਤਨੇ ਵੀ ਮਾਲਦਾਰ ਅਮੀਰ ਵਜ਼ੀਰ ਸਨ ਤੇ ਸ਼ਾਹੀ ਦਰਬਾਰ ਦੇ ਨੇੜੇ ਰਹਿਣ ਵਾਲੇ ਸਨ।

ਬ ਪੇਸ਼ੇ ਸ਼ਹਿਨਸ਼ਾਹ ਆਵਾਜ਼ ਦਾਦ—
ਗੁਰੂ ਕਰਦ ਮਾ ਹਿੰਦੂਆਂ ਰਾ ਬ੍ਰਬਾਦ।੩੯।

ਬਾਦਸ਼ਾਹ ਅੱਗੇ ਇਨ੍ਹਾਂ ਜਾ ਕੇ ਇਹੋ ਉੱਚੀ ਉੱਚੀ ਪੁਕਾਰਿਆ ਕਿ ਗੁਰੂ ਨੇ ਸਾਨੂੰ ਹਿੰਦੂਆਂ ਨੂੰ ਬਰਬਾਦ ਕਰ ਦਿੱਤਾ ਹੈ।

ਹਮਾ ਮੁਸਤਗ਼ੀਸੋ ਹਮਾ ਦਾਦ ਖ਼ਾਹ
ਹਮਾ ਈਸਤਾਦਾਂ ਬਹਾਲੇ ਤਬਾਹ।੪੦।

ਸਾਰੇ ਫ਼ਰਿਆਦੀ ਤੇ ਇਨਸਾਫ਼ ਮੰਗਣ ਵਾਲੇ ਬੜੀ ਮੰਦਹਾਲੀ ਦੀ ਅਵਸਥਾ ਵਿਚ ਖਲੋਤੇ ਸਨ।

ਬ ਫ਼ਰਿਆਦ ਇਜ਼ਹਾਰੇ ਅਹਿਵਾਲ ਕਰਦ
ਸ਼ਹਿਨਸ਼ਾਹ ਅੰਦੇਸ਼ਾ ਫਿਲਹਾਲ ਕਰਦ।੪੧।

ਉਨ੍ਹਾਂ ਰੋ ਰੋ ਕੇ ਆਪਣਾ ਹਾਲ ਦੱਸਿਆ ਤੇ ਬਾਦਸ਼ਾਹ ਵੀ ਬੜਾ ਚਿੰਤਾਤੁਰ ਹੋ ਗਿਆ।

ਜ਼ ਵੁਜ਼ਰਾਇ ਸੁਲਤਾਂ ਬੂਦ ਨੰਦ ਲਾਲ
ਸ਼ੁਦਾ ਹਮਰਾਹਿ ਸ਼ਾਹਿ ਵਾਲਾ ਕਮਾਲ।੪੨।

ਬਾਦਸ਼ਾਹ ਦੇ ਵਜ਼ੀਰਾਂ ਵਿਚੋਂ ਇਕ ਨੰਦ ਲਾਲ ਸੀ, ਜੋ ਭਾਗਵਾਨ ਬਾਦਸ਼ਾਹ ਦੇ ਨਾਲ ਆਇਆ ਸੀ।

ਹਮਾਖ਼ੇਲਿ ਹਿੰਦੂ ਬ-ਸਦ ਬੇਕਸੀ
ਬ ਰਫ਼ਤੰਦ ਬਾ ਸ਼ਾਹ ਬਰ ਗੋਦਰੀ।੪੩।

ਸਾਰੇ ਹੀ ਹਿੰਦੂ ਬੜੀ ਮਾਯੂਸੀ ਵਿਚ ਡੁੱਬੇ ਬਾਦਸ਼ਾਹ ਦੇ ਨਾਲ ਨਾਲ ਗੋਦਾਵਰੀ ਵੱਲ ਆ ਗਏ।

ਦਰਾਂ ਵਕਤ ਖ਼ੁਸ਼ ਬੂਦ ਬ-ਸਦ ਤਰਬ
ਖ਼ਯਾਲੇ ਗੁਰੂ ਸੂਇ ਦਰਗਾਹੇ ਰੱਬ।੪੪।

ਇਹ ਬੇਅੰਦਾਜ਼ ਖੁਸ਼ੀਆਂ ਵਾਲਾ ਸੋਹਣਾ ਸਮਾਂ ਸੀ, ਜਦੋਂ ਕਿ ਗੁਰੂ ਸਾਹਿਬ ਰੱਬੀ ਧਿਆਨ ਵਿਚ ਮਗਨ ਸਨ।

**ਸ਼ਹਿਨਸ਼ਾਹ ਜਵਾਹਰ ਪਏ ਨਜ਼ਰ ਦਾਦ**
**ਗੌਹਰ ਬਰ ਕਫ਼ਿ ਦਸਤਿ ਸਤਿਗੁਰ ਨਿਹਾਦ ।੪੫।**

ਬਾਦਸ਼ਾਹ ਨੇ ਸਤਿਗੁਰਾਂ ਅੱਗੇ ਹੀਰੇ ਭੇਟ ਕੀਤੇ ਤੇ ਇਕ ਮੋਤੀ ਗੁਰੂ ਸਾਹਿਬ ਦੀ ਤਲੀ 'ਤੇ ਰੱਖਿਆ।

**ਗੌਹਰ ਗੁਰੂ ਬ ਦਰਯਾ ਬਿਪਰਦਾਖ਼ਤਾ**
**ਸ਼ਹਿਨਸ਼ਾਹ ਅਜ਼ੀਂ ਹੈਰਤੇ ਸਾਖ਼ਤਾ ।੪੬।**

ਗੁਰੂ ਸਾਹਿਬ ਨੇ ਉਹ ਮੋਤੀ ਦਰਿਆ ਵਿਚ ਸੁੱਟ ਦਿੱਤਾ ਤੇ ਬਾਦਸ਼ਾਹ ਇਸ 'ਤੇ ਬੜਾ ਹੈਰਾਨ ਹੋਇਆ।

**ਬ ਫ਼ਰਮੂਦ ਸਤਿਗੁਰ ਬ ਸੁਲਤਾਂ ਸੁਖ਼ਨ**
**ਗਹੁਰ ਨਜ਼ਰ ਮੀਖ਼੍ਵਾਸਤ ਦਰਯਾ ਜ਼ ਮਨ ।੪੭।**

ਸਤਿਗੁਰਾਂ ਬਾਦਸ਼ਾਹ ਨੂੰ ਇਉਂ ਬਚਨ ਕੀਤਾ ਕਿ ਇਹ ਦਰਿਆ ਮੇਰੇ ਪਾਸੋਂ ਮੋਤੀ ਦੀ ਨਜ਼ਰ ਮੰਗਦਾ ਸੀ।

**ਸ਼ਹਿਨਸ਼ਾਹ ਕਰਾਮਾਤਿ ਸਤਿਗੁਰ ਸ਼ੁਨੀਦ**
**ਸ਼ੁਦਾ ਦਸਤ ਬਸਤਾ, ਬਇਜਜ਼ੇ ਮਜੀਦ ।੪੮।**

ਬਾਦਸ਼ਾਹ ਨੇ ਸਤਿਗੁਰਾਂ ਦੀ ਵਡਿਆਈ ਸੁਣੀ ਹੋਈ ਸੀ, ਇਸ ਲਈ ਉਸ ਬੜੀ ਆਜਜ਼ੀ ਨਾਲ ਦੋਵੇਂ ਹੱਥ ਜੋੜੇ।

**ਚੂੰ ਸਤਿਗੁਰ ਨਦੀਦਾ ਨਿਗਾਹਿ ਬਦਸ਼**
**ਨਿਸ਼ਾਂਦਾ ਜ਼ ਅਲਤਾਫ਼ ਬਰ ਮਸਨਦਸ਼ ।੪੯।**

ਗੁਰੂ ਸਾਹਿਬ ਨੇ ਉਸ ਦੀ ਅੱਖ ਮੈਲੀ ਨਾ ਦੇਖੀ, ਬੜੀ ਮਿਹਰਬਾਨੀ ਨਾਲ ਉਸ ਨੂੰ ਆਪਣੇ ਆਸਣ 'ਤੇ ਬਿਠਾ ਲਿਆ।

**ਬਿਆਂ ਕਰਦ ਸੁਲਤਾਨ ਈਂ ਮਾਜਰਾ**
**ਕਿ ਬੁਰਦੰਦ ਹਿੰਦੂ ਬੁਕ਼ਾ ਬਰ ਸਮਾ ।੫੦।**

ਬਾਦਸ਼ਾਹ ਨੇ ਹਿੰਦੂਆਂ ਦੀ ਆਹੋ-ਪੁਕਾਰ ਦੀ ਸਾਰੀ ਕਹਾਣੀ ਸੁਣਾਈ ਤਾਂ ਉਸ ਸਮੇਂ ਫ਼ਰਿਆਦੀ ਹਿੰਦੂਆਂ ਨੇ ਕੂਕ-ਪੁਕਾਰ ਕੇ ਅਸਮਾਨ ਸਿਰ 'ਤੇ ਚੁੱਕ ਲਿਆ।

**ਚੂੰ ਮਨ ਗੁਫ਼ਤ ਬਾ ਸ਼ਾਹ ਇਨਸਾਫ਼ ਕੁਨ**
**ਕਿ ਖ਼ੁਰਸ਼ੀਦ ਰਾ ਅਜ਼ ਗ੍ਰਹਿ ਸਾਫ਼ ਕੁਨ।੫੧।**

ਜਦ ਮੈਂ ਬਾਦਸ਼ਾਹ ਨੂੰ ਆਖਿਆ ਕਿ ਤੂੰ ਹੀ ਇਨਸਾਫ਼ ਕਰ ਤੇ ਸੂਰਜ ਨੂੰ ਗ੍ਰਹਿਣ ਤੋਂ ਛੁਟਕਾਰਾ ਦਿਵਾ।

**ਸੁਖ਼ਨ ਗੁਫ਼ਤ ਹਿੰਦੂ ਬਸ਼ਾਹੇ ਜ਼ਮਾਂ**
**ਗ੍ਰਹਿ ਕਰਦ ਖ਼ੁਰਸ਼ੀਦ ਰਾ ਰਾਕਸ਼ਾਂ।੫੨।**

ਉਸ ਸਮੇਂ ਫ਼ਰਿਆਦੀ ਹਿੰਦੂਆਂ ਨੇ ਬਾਦਸ਼ਾਹ ਨੂੰ ਕਿਹਾ ਕਿ ਸੂਰਜ ਨੂੰ ਤਾਂ ਰਾਕਸ਼ਾਂ ਨੇ ਗ੍ਰਸਿਆ ਹੋਇਆ ਹੈ।

**ਬਸੇ ਰਾਜ਼ ਈਂ ਕਰਦ ਮਨ ਖ਼ੁਦ ਇਯਾਂ**
**ਤੁਆਮੇ ਹੁਮਾ ਦਾਦਾਅਮ ਬਰ ਹੁਮਾ।੫੩।**

ਫਿਰ ਮੈਂ ਇਹ ਗੱਲ ਸੁਣ ਕੇ ਸਾਰਾ ਭੇਦ ਖੋਲ੍ਹਿਆ ਕਿ ਮੈਂ ਤਾਂ ਹੁਮਾ ਦੀ ਖ਼ੁਰਾਕ ਹੀ ਹੁਮਾ ਨੂੰ ਦਿੱਤੀ ਹੈ।

ਸ਼ਰਾਬੋ ਕਬਾਬ ਅਸਤ ਈਂ ਰਾ ਗ਼ਿਜ਼ਾ
ਅਜ਼ੀਂ ਗੋਸਫ਼ੰਦਾਂ ਬ-ਕਰਦਮ ਅਤਾ।੫੪।

ਇਸੇ ਲਈ ਮੈਂ ਬੱਕਰੀਆਂ ਝਟਕਾ ਕੇ ਇਨ੍ਹਾਂ ਜਾਂਗਲੀਆਂ ਨੂੰ ਦਿੱਤੀਆਂ ਹਨ, ਕਿਉਂਕਿ ਸ਼ਰਾਬ ਕਬਾਬ ਹੀ ਇਨ੍ਹਾਂ ਦੀ ਖ਼ੁਰਾਕ ਹੈ।

ਹਨੂਦਾਂ ਹਮਾ ਨਾਦਮੋ ਸ਼ਰਮਸਾਰ
ਸੂਇ ਖ਼ਾਨਏ ਖ਼ੇਸ਼ ਰਫ਼ਤੰਦ ਯਾਰ।੫੫।

ਇਹ ਸੁਣ ਕੇ ਸਾਰੇ ਹਿੰਦੂ ਸ਼ਰਮਸਾਰ ਹੋ ਗਏ ਤੇ ਆਪਣੇ ਆਪਣੇ ਘਰਾਂ ਨੂੰ ਪਰਤ ਗਏ।

ਕਦਮ-ਬੋਸੀਏ ਮਨ ਦਰਾਂ ਦਮ ਸ਼ੁਦਾ
ਤਲਬਗਾਰਿ ਲੁਤਫ਼ੋ ਤੁੱਹਮ ਸ਼ੁਦਾ।੫੬।

ਉਹ ਬੰਦਾ ਮੇਰੇ ਚਰਨੀਂ ਢਹਿ ਪਿਆ ਤੇ ਰਹਿਮਤ ਦਾ ਤਲਬਗਾਰ ਹੋਇਆ।

**ਫ਼ਰਿਸ਼ਤਾਦਨਸ਼ ਸੂਏ ਪੰਜਾਬ ਕਰਦ**
**ਮਏ ਪੰਜ ਸਿੰਘਾਨਿ ਆਜ਼ਾਦ ਮਰਦ।੫੭।**

ਮੈਂ ਪੰਜ ਆਜ਼ਾਦੀ-ਪਸੰਦ ਸਿੰਘਾਂ ਸਮੇਤ ਉਸ ਨੂੰ ਪੰਜਾਬ ਵੱਲ ਜਾਣ ਦਾ ਹੁਕਮ ਦਿੱਤਾ।

**ਚੂੰ ਫ਼ੁਰਮਾਨਿ ਈਜ਼ਦ ਅਤਾ ਸ਼ੁਦ ਬ-ਮਨ**
**ਅਮਲ ਕਰਦਾ ਅਜ਼ ਦਿਲ ਬਦਾਰੁਲ ਮਿਹਨ।੫੮।**

ਜੈਸੀ ਪ੍ਰਭੂ ਦੀ ਆਗਿਆ ਸੀ, ਉਸੇ ਤਰ੍ਹਾਂ ਮੈਂ ਇਸ ਦੁੱਖਾਂ ਤਕਲੀਫ਼ਾਂ ਵਾਲੀ ਦੁਨੀਆ ਵਿਚ ਰਹਿੰਦਿਆਂ ਕਾਰਗੁਜ਼ਾਰੀ ਕੀਤੀ।

**ਕੁਨਮ ਤਰਜ਼ਿ ਗੁਫ਼ਤਾਰ ਚੂੰ ਰਾਸਤਾਂ**
**ਰੁਜ਼ੂਅ ਸ਼ੁਦ ਬ-ਮਨ ਪਾਇ ਦਿਲ ਖ਼ਸਤਗਾਂ।੫੯।**

ਮੈਂ ਸੱਚੇ ਆਦਮੀਆਂ ਦੀ ਤਰ੍ਹਾਂ ਗੱਲ ਕਰਦਾ ਹਾਂ, ਕਈ ਟੁੱਟੇ-ਭੱਜੇ ਦਿਲਾਂ ਵਾਲੇ ਨਿਮਾਣੇ ਨਿਤਾਣਿਆਂ ਦੀ ਰੁਚੀ ਮੇਰੇ ਵੱਲ ਹੁੰਦੀ ਗਈ।

**ਅਜ਼ਾਂ ਕੂਦਕਾਂ ਹਾਲ ਪੁਰਸਾਂ ਨਮਾਂਦ**
**ਜ਼ ਉਸਤਾਦੇ ਦਾਨਿੰਦਾ ਨਾਦਾਂ ਸ਼ੁਦਾਂਦ।੬੦।**

ਉਨ੍ਹਾਂ ਅੱਲ੍ਹੜਾਂ ਅੰਵਾਣਿਆਂ ਦਾ ਕੋਈ ਵਾਲੀ ਵਾਰਿਸ ਨਹੀਂ ਰਹਿੰਦਾ, ਜੋ ਦਾਨੇ ਬੀਨੇ ਉਸਤਾਦ ਦੀ ਅਗਵਾਈ ਬਿਨਾ ਨਾਦਾਨ ਰਹਿ ਜਾਂਦੇ ਹਨ।

**ਮਰਾ ਅਜ਼ਮ ਸ਼ੁਦ ਸੂਇ ਦਾਰੁਲ ਬਕਾ**
**ਫ਼ਜ਼ਾਏ ਸਲਾਮਤ ਬ-ਦਾਰਦ ਖ਼ੁਦਾ।੬੧।**

ਮੇਰਾ ਇਰਾਦਾ ਸਦਾ ਅਮਰ ਰਹਿਣ ਵਾਲੀ ਥਾਂ (ਪਰਲੋਕ) ਵੱਲ ਜਾਣ ਦਾ ਹੋ ਗਿਆ। ਰੱਬ ਆਪਣੀ ਸ੍ਰਿਸ਼ਟੀ ਨੂੰ ਸਲਾਮਤ ਰਖੇ।

**ਬ-ਮਾਨੰਦ ਸਿੰਘਾਨਿ ਮਨ ਬਰਕਰਾਰ**
**ਸਮਾਅਤ ਨੁਮਾਇੰਦ ਅਜ਼ ਢਾਡੀ ਵਾਰ।੬੨।**

ਮੇਰੇ ਸਿੰਘ ਸਦਾ ਕਾਇਮ-ਦਾਇਮ ਰਹਿਣ ਤੇ ਢਾਡੀ ਤੋਂ ਵਾਰਾਂ ਸੁਣਦੇ ਰਹਿਣ।

**ਕਿ ਢਾਡੀ ਮਰਾ ਮਿਸਲੇ ਸਿੰਘਾਂ ਬਵਦ**
**ਸਫ਼ਰਨਾਮਾ ਈਂ ਢਾਡੀ ਰਾ ਜਾਂ ਬਵਦ।੬੩।**

ਢਾਡੀ ਮੇਰੇ ਲਈ ਸਿੰਘਾਂ ਵਾਂਗ ਹੀ ਹਨ, ਇਹ ਸਫ਼ਰਨਾਮਾ ਢਾਡੀ ਲਈ ਜਿੰਦ ਪ੍ਰਾਣ ਸਮਾਨ ਹੈ।

**ਬ-ਢਾਡੀ ਕਿ ਮਨ ਕਰਦ ਫ਼ੁਰਮਾਂ ਚੁਨਾਂ**
**ਸਫ਼ਰਨਾਮਾ ਦਰ ਪੇਸ਼ਿ ਸਿੰਘਾਂ ਬਖ਼ਾਂ।੬੪।**

ਢਾਡੀ ਨੂੰ ਮੈਂ ਇਹ ਆਗਿਆ ਕੀਤੀ ਕਿ ਉਹ ਇਹ ਸਫ਼ਰਨਾਮਾ ਸਿੰਘਾਂ ਸਾਹਵੇਂ ਪੜ੍ਹਿਆ ਕਰੇ।

**ਚੂੰ ਸਿੰਘਾਨਿ ਢਾਡੀ ਬਦੌਲਤ ਜਿਹੱਦ**
**ਬ-ਢਾਡੀ ਹਮੀ ਮੁਲਕੋ ਦੌਲਤ ਰਸੱਦ।੬੫।**

ਜਦ ਸਿੰਘ ਖ਼ੁਸ਼ ਹੋ ਕੇ ਢਾਡੀ ਨੂੰ ਧਨ ਦੇਣਗੇ ਤਾਂ ਉਨ੍ਹਾਂ ਨੂੰ ਵੀ ਰਾਜ-ਭਾਗ ਹਾਸਲ ਹੋਵੇਗਾ।

*(੩) ਅੰਤਿਕਾ—*

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਅਮਰਨਾਮਾ

**ਬ ਨਾਦੇੜ ਆਬਾਦ ਬੂਦ ਸਿੰਘੇ ਮਨ**
**ਬ ਤਲਬੀਦ ਬਰ ਚਾਰਪਾਈ ਕਫ਼ਨ।੬੬।**

ਨਾਦੇੜ ਦੇ ਡੇਰੇ ਸਾਡਾ ਇਕ ਸਿੰਘ ਰਹਿੰਦਾ ਸੀ, ਉਸ ਨੇ ਮੰਜੀ ਉੱਤੇ ਪਏ ਨੇ ਹੀ ਖੱਫਣ ਮੰਗ ਲਿਆ, ਭਾਵ ਮਰ ਗਿਆ।

**ਬ ਨਜ਼ਦੀਕਿ ਊ ਹੇਚ ਇਨਸਾਂ ਨ ਬੂਦ**
**ਬ ਮਨ ਈਂ ਖ਼ਬਰ ਜ਼ੂਦ ਸਿੰਘਾਂ ਨਮੂਦ।੬੭।**

ਉਸ ਪਾਸ ਕੋਈ ਹੋਰ ਪ੍ਰਾਣੀ ਨਹੀਂ ਸੀ, ਇਹ ਖ਼ਬਰ ਸਿਖਾਂ ਨੇ ਮੇਰੇ ਪਾਸ ਪੁਚਾ ਦਿੱਤੀ।

**ਕਿ ਬਰ ਚਾਰਪਾਈ ਬ ਦਾਦ ਅਸਤ ਜਾਂ**
**ਬ ਦਰਗਾਹ ਸ਼ੁਦ ਬਖ਼ਸ਼ਸ਼ੇ ਊ ਚਸਾਂ।੬੮।**

ਕਿ ਉਹ ਮੰਜੀ 'ਤੇ ਹੀ ਸ੍ਵਾਸ ਪੂਰੇ ਕਰ ਗਿਆ, ਹੁਣ ਪਰਲੋਕ ਵਿਚ ਜਾ ਕੇ ਉਸ ਉੱਤੇ ਬਖ਼ਸ਼ਿਸ਼ ਕਿਵੇਂ ਹੋਵੇਗੀ ?

**ਬ ਦਰਿਆ ਸਪੁਰਦੇਮ ਯਾ ਸੋਖ਼ਤੇਮ**
**ਸ਼ਵਦ ਹਰ ਚਿ ਫ਼ੁਰਮਾਂ ਬ ਵੈ ਦੋਖ਼ਤੇਮ।੬੯।**

ਉਸ ਨੂੰ ਦਰਿਆ ਦੇ ਹਵਾਲੇ ਕਰ ਦੇਈਏ ਜਾਂ ਫੂਕੀਏ, ਜਿਸ ਤਰ੍ਹਾਂ ਆਗਿਆ ਹੋਵੇ ਕਰ ਦੇਈਏ।

**ਬ ਆਂ ਗੁਫ਼ਤਮ ਮਨ ਹਮਚੂੰ ਮਸਕੀਂ ਗ਼੍ਰੀਬ**
**ਮਕੁਨ ਫ਼ਿਕਰਿ ਆਂ ਗਸ਼ਤ ਜੰਨਤ ਨਸੀਬ।੭੦।**

ਮੈਂ ਉਨ੍ਹਾਂ ਨੂੰ ਆਖਿਆ ਕਿ ਫ਼ਿਕਰ ਨਾ ਕਰੋ, ਉਹ ਮਸਕੀਨ ਤੇ ਭਲਿਆਂ ਬੰਦਿਆਂ ਵਾਂਙੂ ਸੁਰਗ ਪਹੁੰਚ ਗਿਆ ਹੈ।

**ਖ਼ਿਆਲਸ਼ ਦਮੇ ਵਾਪਸੀਂ ਸੂਇ ਮਨ**
**ਅਜ਼ੀਂ ਆਂ ਸ਼ੁਦਾ ਜੰਨਤੀ ਬੇਸੁਖ਼ਨ।੭੧।**

ਚੂੰਕਿ ਅੰਤ ਸਮੇਂ ਉਸ ਦਾ ਧਿਆਨ ਸਾਡੇ ਵੱਲ ਸੀ, ਇਸ ਕਰਕੇ ਉਹ ਨਿਰਸੰਦੇਹ ਚੁੱਪ-ਚੁਪਾਤਾ ਸੁਰਗਵਾਸੀ ਹੋਇਆ ਹੈ।

**ਅਰਜ਼ ਦਾਸ਼ਤ ਕਰਦਾ ਬ ਗੰਗਾ ਕੁਨੇਦ**
**ਨ ਅੰਦੇਸ਼ਾ ਓ ਫ਼ਿਕਰ ਈਂ ਜਾ ਕੁਨੇਦ।੭੨।**

ਅਰਦਾਸਾ ਸੋਧ ਕੇ ਉਸ ਨੂੰ ਗੰਗਾ ਵਿਚ ਪ੍ਰਵਾਹ ਦਿਓ, ਇਥੇ ਉਸ ਦੀ ਚਿੰਤਾ ਜਾਂ ਫ਼ਿਕਰ ਨਾ ਕੀਤਾ ਜਾਵੇ।

**ਤਲਬ ਕੁਨ ਬ੍ਰਾਹਮਨ ਨ ਅਸਲਾਫ਼ਿ ਊ**
**ਬਖ਼ੁਾਂ ਵਾਰਿ ਨੱਥ ਮੱਲ ਬਢਾਡੀ ਬਗੂ।੭੩।**

ਬ੍ਰਾਹਮਣ ਸੱਦਣ ਦੀ ਲੋੜ ਨਹੀਂ ਤੇ ਨਾ ਹੀ ਉਸ ਦੇ ਪਿੱਤਰਾਂ ਨੂੰ ਚੇਤੇ ਕਰੋ। ਢਾਡੀ ਨੂੰ ਕਹੋ ਕਿ ਉਹ ਨੱਥ ਮੱਲ ਦੀ ਰਚੀ ਵਾਰ ਸੁਣਾਵੇ।

**ਸ਼ਵਦ ਇਸਮਿ ਯਜ਼ਦਾਂ ਬ ਵਿਰਦੇ ਜ਼ਬਾਂ**
**ਬ ਦਰਿਆਇ ਗੰਗਾ ਕੁਨੰਦ ਊ ਰਵਾਂ।੭੪।**

ਜ਼ਬਾਨ ’ਤੇ ਵਾਹਿਗੁਰੂ ਦੇ ਨਾਮ ਦਾ ਜਾਪ ਚਾਹੀਦਾ ਹੈ ਅਤੇ ਉਸ ਨੂੰ ਗੰਗਾ ਵਿਚ ਪ੍ਰਵਾਹ ਦੇਣਾ ਯੋਗ ਹੈ।

**ਸ਼ੁਨੀਦਮ ਅਜ਼ੀਂ ਪੇਸ਼ਤਰ ਈਂ ਸੁਖ਼ਨ**
**ਗੁਰੂ ਪੰਚਮ ਅਰਜਨ ਬਗੁਫ਼ਤਾ ਜ਼ ਮਨ।੭੫।**

ਇਸ ਤੋਂ ਪਹਿਲਾਂ ਵੀ ਮੈਂ ਇਹ ਗੱਲ ਸੁਣੀ ਹੈ। ਪੰਚਮ ਗੁਰੂ, ਗੁਰੂ ਅਰਜਨ ਸਾਹਿਬ ਨੇ ਸਾਨੂੰ ਇਵੇਂ ਦੱਸਿਆ ਹੈ।

**ਕਿ ਕਰਤਾਰਪੁਰ ਹਮ ਸ਼ੱਕਰਗੰਜ ਬੂਦ**
**ਯਕੇ ਸਿਖ ਬਕਾਲੇ ਕਿ ਮਸਕਨ ਨਮੂਦ।੭੬।**

ਕਰਤਾਰਪੁਰ ਇਕ ਮਿੱਠੇ ਪਾਣੀ ਦੀ ਬਾਉਲੀ ਸੀ, ਉਥੇ ਕੋਈ ਬਕਾਲੇ ਦਾ ਸਿਖ ਰਹਿੰਦਾ ਸੀ।

**ਬਸਾਂ ਮਰਦਿ ਮਸਕੀਂ ਆਜਿਜ਼ ਗ਼ਰੀਬ**
**ਯਕੇ ਜ਼ੌਜਾ ਓ ਯਕਸ ਤੋਰੇ ਅਜ਼ੀਜ਼ ।੭੭।**

ਉਹ ਅਤਿ ਗ਼ਰੀਬ ਤੇ ਭਲਾ ਪੁਰਸ਼ ਸੀ, ਉਸ ਪਾਸ ਉਸ ਦੀ ਘਰਵਾਲੀ ਸੀ ਤੇ ਇਕ ਬੈਲ ਰੱਖਿਆ ਹੋਇਆ ਸੀ।

**ਪਿਦਰ ਦਾਸ਼ਤ ਪੀਰੇ ਊ ਦੇਰੀਨਾ ਸਾਲ**
**ਬ ਨਰ ਗਾਉ ਯਕ ਦੀਗਰੇ ਮਜ਼ਰਹ ਫ਼ਾਲ ।੭੮।**

ਉਸ ਸਿਖ ਦਾ ਪਿਤਾ ਬਹੁਤ ਬਿਰਧ ਸੀ, ਉਹ ਆਪਣੇ ਬੈਲ ਤੇ ਮਾਮੂਲੀ ਜ਼ਮੀਨ ਦੇ ਟੋਟੇ ਨਾਲ ਗੁਜ਼ਾਰਾ ਕਰਦਾ ਸੀ।

**ਪਏ ਕਾਸ਼ਤਨ ਰਫ਼ਤ ਫ਼ਸਲਿ ਖ਼ਰੀਫ਼**
**ਜ਼ਨਸ਼ ਰਫ਼ਤ ਬ ਆਬੋ ਤੁਆਮੇ ਲਤੀਫ਼ ।੭੯।**

ਉਹ ਸਾਉਣੀ ਦੀ ਬਿਜਾਈ ਲਈ ਖੇਤ ਗਿਆ ਤੇ ਉਸ ਦੀ ਘਰਵਾਲੀ ਉਸ ਦਾ ਭੱਤਾ ਲੈ ਕੇ ਗਈ।

**ਪਿਦਰ ਰਾ ਬ ਹੁਕਮੇ ਇਲਾਹੀ ਸਪੁਰਦ**
**ਕਿ ਆਂ ਮਰਦ ਬਰ ਚਾਰਪਾਈ ਬਮੁਰਦ।੮੦।**

ਆਪਣੇ ਬਾਪ ਨੂੰ ਉਹ ਰਾਮ ਭਰੋਸੇ ਛੱਡ ਗਈ ਤੇ ਉਹ ਮੰਜੇ 'ਤੇ ਹੀ ਪ੍ਰਾਣ ਤਿਆਗ ਗਿਆ।

**ਸੂਇ ਖ਼ਾਨਾ ਚੂੰ ਮਰਦੋ ਜ਼ਨ ਆਮਦੰਦ**
**ਅਜ਼ੀਂ ਹਾਦਸਾ ਦਰ ਸੁਖ਼ਨ ਆਮਦੰਦ।੮੧।**

ਜਦੋਂ ਮਰਦ ਤੇ ਤ੍ਰੀਮਤ ਘਰ ਆਏ ਤਾਂ ਉਨ੍ਹਾਂ ਲਈ ਇਹ ਘਟਨਾ ਚਰਚਾ ਦਾ ਵਿਸ਼ਾ ਬਣ ਗਈ।

**ਚੂੰ ਨਾਮੇ ਗੁਰੂ ਗੁਫ਼ਤ ਮਰਦੇ ਸਈਦ**
**ਮਏ ਚਾਰਪਾਈ ਬ ਜੰਨਤ ਰਸੀਦ।੮੨।**

ਚੂੰਕਿ ਉਸ ਭਾਗਵਾਨ ਨੇ ਗੁਰੂ ਦਾ ਨਾਮ ਲਿਆ ਸੀ, ਇਸ ਲਈ ਉਹ ਸਣੇ ਮੰਜੀ ਦੇ ਸੁਰਗ ਸਿਧਾਰ ਗਿਆ।

**ਬ ਪੁਰਸੀਦ ਆਂ ਅਜ਼ ਬ੍ਰਾਹਮਨ ਖ਼ਿਤਾਬ**
**ਬ੍ਰਾਹਮਨ ਬ ਆਂ ਮਰਦ ਗੁਫ਼ਤਾ ਜਵਾਬ।੮੩।**

ਉਸ ਸਿਖ ਨੇ ਬ੍ਰਾਹਮਣ ਨੂੰ ਪੁੱਛਿਆ ਤਾਂ ਉਸ ਪੰਡਤ ਨੇ ਉਸ ਨੂੰ ਇਹ ਉੱਤਰ ਦਿੱਤਾ।

**ਗੁਨਹਗਾਰ ਪਿਦਰਤ ਗੁਜ਼ਸ਼ਤ ਅਜ਼ ਜਹਾਂ**
**ਬ ਤਦਬੀਰੇ ਮਾ ਜ਼ੂਦ ਯਾਬਦ ਅਮਾਂ।੮੪।**

ਤੇਰਾ ਪਿਤਾ ਗੁਨਾਹਗਾਰ ਦੀ ਸੂਰਤ ਵਿਚ ਹੀ ਪਰਲੋਕ ਸਿਧਾਰਿਆ ਹੈ। ਮੈਂ ਤੈਨੂੰ ਵਿਧੀ ਦੱਸਦਾ ਹਾਂ, ਉਸ ਨਾਲ ਉਸ ਦਾ ਉੱਧਾਰ ਹੋ ਜਾਵੇਗਾ।

**ਚੁਨੀ ਗੁਫ਼ਤ ਆਂ ਦਸਤ ਬਸਤਾ ਜ਼ਿ ਗ਼ਮ**
**ਕਿ ਅਰਸ਼ਾਦ ਬਾਸ਼ਦ ਅਮਲ ਆਂ ਕੁਨਮ।੮੫।**

ਉਸ ਸਿਖ ਨੇ ਬੜੀ ਉਦਾਸ ਅਵਸਥਾ ਵਿਚ ਹੱਥ ਬੰਨ੍ਹ ਕੇ ਬੇਨਤੀ ਕੀਤੀ ਕਿ ਜੋ ਤੁਸੀਂ ਕਹੋਗੇ, ਮੈਂ ਕਰਾਂਗਾ।



**ਬ ਦੁਨੀਆ ਮਰਾ ਇ ਜ਼ੁ ਤੌਂਕੀਰ ਬਾਦ**
**ਨਜਾਤੇ ਪਿਦਰ ਅਜ਼ ਤੁ ਦਾਰਮ ਮੁਰਾਦ।੮੬।**

ਦੁਨੀਆ ਵਿਚ ਮੇਰੀ ਪੱਤ ਆਬਰੂ ਕਾਇਮ ਰਹੇ ਤੇ ਮੈਂ ਚਾਹੁੰਦਾ ਹਾਂ ਕਿ ਮੇਰੇ ਪਿਤਾ ਦਾ ਕਲਿਆਣ ਹੋਵੇ।

**ਬ੍ਰਾਹਮਣ ਬਦੂ ਗੁਫ਼ਤ ਦੀਨਾਰ ਆਰ**
**ਬਦੇਹ ਰਾਹਬਿ ਖ਼ੇਸ਼ ਰਾ ਬੇਸ਼ੁਮਾਰ।੮੭।**

ਬ੍ਰਾਹਮਣ ਨੇ ਕਿਹਾ, ਤੂੰ ਮੋਹਰਾਂ ਰੁਪਏ ਲਿਆ ਤੇ ਆਪਣੇ ਪਰੋਹਤ ਨੂੰ ਖੁੱਲ੍ਹਾ ਦਾਨ ਦੇ।

**ਪਿਦਰ ਰਾ ਬ-ਆਤਸ਼ ਜ਼ਦਾ ਖ਼ਾਕ ਕੁਨ**
**ਬ-ਗੰਗਾ ਕਿ ਖ਼ੈਰਾਤਿ ਬੇਬਾਕ ਕੁਨ।੮੮।**

ਤੂੰ ਆਪਣੇ ਪਿਤਾ ਦਾ ਦਾਹ-ਸੰਸਕਾਰ ਕਰ ਤੇ ਗੰਗਾ ਉੱਤੇ ਜਾ ਕੇ ਖੁਲ੍ਹ-ਦਿਲੀ ਨਾਲ਼ ਦਾਨ ਕਰ।

**ਜ਼ ਗੰਗਾ ਬਿਆ ਜ਼ੂਦ ਬਰ ਰੂਇ ਚਾਹ**
**ਤੁਰਾ ਆਬਨੋਸ਼ੀ ਨ ਬਾਸ਼ਦ ਗੁਨਾਹ ।੮੯।**

ਤੂੰ ਗੰਗਾ ਜਲੀ ਦੀ ਗੜਵੀ ਲਿਆ ਤੇ ਇਸ ਖੂਹ ਵਿਚ ਪਾ, ਫਿਰ ਤੈਨੂੰ ਇਸ ਖੂਹ ਦਾ ਪਾਣੀ ਪੀਣਾ ਗੁਨਾਹ ਨਹੀਂ ਰਹੇਗਾ।

**ਸਲਾਹ ਕਰਦ ਅਜ਼ ਜ਼ਨ ਚੂੰ ਆਂ ਸਿਖ ਮਰਦ**
**ਪਿਦਰ ਰਾ ਦਰ ਆਤਸ਼ ਹਮਾ ਸੋਖ਼ਤ ਕਰਦ ।੯੦।**

ਉਸ ਸਿਖ ਨੇ ਆਪਣੀ ਘਰਵਾਲੀ ਨਾਲ ਸਲਾਹ ਕੀਤੀ ਤੇ ਪਿਤਾ ਦੀ ਦੇਹ ਨੂੰ ਅਗਨਿ ਭੇਟ ਕਰ ਦਿੱਤਾ।

**ਚੂੰ ਨਰ ਗਾਵਿ ਖ਼ੁਦਤ ਮਰਦ ਬਰ ਫ਼ਰੋਖ਼ਤ**
**ਮਏ ਜ਼ਨ ਸੂਏ ਗੰਗਾ ਰਾਹੇ ਬਦੋਖ਼ਤ ।੯੧।**

ਆਦਮੀ ਨੇ ਬੈਲ ਵੇਚ ਦਿੱਤਾ ਤੇ ਆਪਣੀ ਘਰਵਾਲੀ ਨੂੰ ਨਾਲ ਲੈ ਕੇ ਗੰਗਾ ਵੱਲ ਤੁਰ ਪਿਆ।

**ਹਮਹ ਕੀਮਤਸ਼ ਬਾ ਬ੍ਰਾਹਮਣ ਸਪੁਰਦ**
**ਵਲੇ ਆਂ ਸਿਹ ਦੀਨਾਰ ਬਾ ਜ਼ਨ ਸਪੁਰਦ।੯੨।**

ਬਲਦ ਵੇਚ ਕੇ ਵੱਟੀ ਰਕਮ ਬ੍ਰਾਹਮਣ ਨੂੰ ਦੇ ਦਿੱਤੀ ਤੇ ਤਿੰਨ ਮੋਹਰਾਂ ਆਪਣੀ ਘਰਵਾਲੀ ਨੂੰ ਸੌਂਪ ਦਿੱਤੀਆਂ।

**ਨ ਜ਼ੇਵਰੇ ਜ਼ਨ ਬਨਿਜ਼ਦਸ਼ ਬਮਾਂਦ**
**ਜ਼ ਸ਼ਹਿਰੇ ਬਕਾਲਾ ਰਵਾਂ ਸ਼ੁਦ ਨਮਾਂਦ।੯੩।**

ਉਸ ਪਾਸ ਘਰਵਾਲੀ ਦਾ ਗਹਿਣਾ-ਗੱਟਾ ਵੀ ਨਾ ਰਿਹਾ ਤੇ ਬਕਾਲਾ ਨਗਰ ਤੋਂ ਰਵਾਨਾ ਹੋ ਗਿਆ।

**ਜ਼ਨੋ ਮਰਦ ਕਰਦਾ ਅਬੂਰੇ ਬਿਆਸ**
**ਰਸੀਦੰਦ ਕਰਤਾਰ ਪੁਰ ਦਰ ਹਰਾਸ।੯੪।**

ਤੀਵੀਂ ਪੁਰਸ਼ ਨੇ ਦਰਿਆ ਪਾਰ ਕੀਤਾ ਤੇ ਘਾਬਰੇ ਘਬਰਾਏ ਕਰਤਾਰਪੁਰ ਪੁੱਜ ਗਏ।

**ਬ ਜ਼ਨ ਗੁਫ਼ਤ ਈਂ ਕਾਰਿ ਔਲਾ ਕੁਨਮ**
**ਜ਼ਯਾਰਤ ਬਸਤਿਗੁਰ ਮਨ ਈਂ ਜਾ ਕੁਨਮ ।੯੫।**

ਆਦਮੀ ਨੇ ਜ਼ਨਾਨੀ ਨੂੰ ਕਿਹਾ ਕਿ ਮੈਂ ਪਹਿਲੇ ਇਕ ਭਲਾ ਕੰਮ ਕਰ ਲਵਾਂ ਕਿ ਸਤਿਗੁਰਾਂ ਦੇ ਦਰਸ਼ਨ ਕਰ ਆਵਾਂ।

**ਚਿ ਖ਼ੁਸ਼ ਗੁਫ਼ਤ ਜ਼ਨ ਗੁਫ਼ਤ ਕਾਰੇ ਸਈਦ**
**ਕਿ ਬਾਦ ਅਜ਼ ਜ਼ਯਾਰਤ ਗੰਗਾ ਰਸੀਦ ।੯੬।**

ਸੁਆਣੀ ਨੇ ਕਿਹਾ ਕਿ ਬਹੁਤ ਅੱਛਾ, ਇਹ ਨੇਕ ਕੰਮ ਹੈ, ਗੁਰੂ ਦੇ ਦਰਸ਼ਨਾਂ ਤੋਂ ਬਾਅਦ ਗੰਗਾ ਯਾਤਰਾ ਕਰ ਲਵਾਂਗੇ।

**ਬ ਪੇਸ਼ਿ ਗੁਰੂ ਆਂ ਨਿਦਾਦਾ ਨਿਆਜ਼**
**ਸਲਾਮੇ ਦੋ ਦਸਤਾ ਬ ਆਂ ਕਰਦ ਬਾਜ਼ ।੯੭।**

ਸਤਿਗੁਰਾਂ ਦੇ ਸਾਹਮਣੇ ਉਸ ਨੇ ਭੇਟਾ ਰੱਖੀ ਤੇ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ।

**ਬਸਾ ਕਰਦ ਆਂ ਸਿਖ ਸਨਾਇ ਗੁਰੂ**
**ਗੁਰੂ ਕਰਦ ਅਲਤਾਫ਼ ਬਰ ਆਲਿ ਊ।੯੮।**

ਉਸ ਨੇ ਗੁਰੂ ਦੀ ਬੜੀ ਮਹਿਮਾ ਕੀਤੀ ਤੇ ਸਤਿਗੁਰਾਂ ਉਸ ਨੂੰ ਆਸ਼ੀਰਵਾਦ ਦਿੱਤੀ।

**ਗੁਰੂ ਗਿਰਿਯਾਂ ਕਰਦਾ ਰਾ ਪੁਰਸੀਦ ਹਾਲ**
**ਕੁਜਾ ਮੇ ਰਵੀ ਐ ਸਤੂਦਾ ਖਿਸਾਲ।੯੯।**

ਸਤਿਗੁਰਾਂ ਨੇ ਹੰਝੂ ਕੇਰ ਰਹੇ ਜੋੜੇ ਤੋਂ ਹਾਲ-ਚਾਲ ਪੁੱਛਿਆ, ਹੇ ਭਲੇ ਲੋਕ! ਤੁਸਾਂ ਕਿਧਰ ਜਾਣ ਦੀ ਤਿਆਰੀ ਕੀਤੀ ਹੈ?

**ਚੂ ਪਿਦਰਮ ਬ ਬਰ ਚਾਰਪਾਈ ਬ ਮੁਰਦ**
**ਬ੍ਰਾਹਮਣ ਮਰਾ ਗ਼ੁਸਲਿ ਗੰਗਾ ਬਮੁਰਦ।੧੦੦।**

ਚੂੰਕਿ ਮੇਰਾ ਪਿਤਾ ਮੰਜੀ 'ਤੇ ਪਿਆ ਪਿਆ ਚੜ੍ਹਾਈ ਕਰ ਗਿਆ ਤਾਂ ਮੈਨੂੰ ਪ੍ਰਾਸਚਿਤ ਵਜੋਂ ਬ੍ਰਾਹਮਣ ਨੇ ਗੰਗਾ ਇਸ਼ਨਾਨ ਦੀ ਹਦਾਇਤ ਕੀਤੀ ਹੈ।

**ਜ਼ਰਾਯਤ ਜ਼ ਨਰ ਗਾਊ ਈਂ ਕਾਰ ਬੂਦ**
**ਮਰਾ ਫ਼ਿਕਰੇ ਰੋਜ਼ੀ ਨ ਜ਼ਿਨਹਾਰ ਬੂਦ।੧੦੧।**

ਮੈਂ ਆਪਣੇ ਇਕ ਬੈਲ ਦੀ ਮਦਦ ਨਾਲ ਖੇਤੀ ਬਾੜੀ ਕਰਦਾ ਸਾਂ ਤੇ ਮੈਨੂੰ ਆਪਣੀ ਰੋਜ਼ੀ ਦਾ ਫ਼ਿਕਰ-ਫਾਕਾ ਨਹੀਂ ਸੀ।

**ਹਮੂ ਰਾਸ ਦਾਦਾ ਵ ਰਫ਼ਤੇਮ ਮਾ**
**ਅਜ਼ੀਂ ਰਾਹਿ ਗੰਗਾ ਗਿਰਫ਼ਤੇਮ ਮਾ।੧੦੨।**

ਉਹ ਰਾਸ ਪੂੰਜੀ ਦੇ ਦਿਵਾ ਕੇ ਭਾਵ ਖ਼ਾਲੀ ਹੱਥ ਹੋ ਕੇ ਅਸੀਂ ਹੁਣ ਗੰਗਾ ਦੇ ਰਾਹ ਪੈ ਚੱਲੇ ਹਾਂ।

**ਗੁਰੂ ਸੁਖ਼ਨ ਕਰਦਾ ਸਦ ਪੇਚੋ ਤਾਬ**
**ਹਮਾ ਵਕਤ ਸਦ ਬਰ ਬ੍ਰਾਹਮਣ ਅਤਾਬ।੧੦੩।**

ਸਤਿਗੁਰਾਂ ਬਹੁਤ ਗੁੱਸਾ ਪ੍ਰਗਟ ਕੀਤਾ ਤੇ ਉਸ ਬ੍ਰਾਹਮਣ 'ਤੇ ਵੀ ਰੋਸ ਜ਼ਾਹਰ ਕੀਤਾ।

**ਬਦਾਂ ਰਾ ਮਦਿਹ ਬੰਦਵਾ ਸਤਿਗੁਰੂ**
**ਬ ਸਿਖਾਂ ਅਨਾਯਤ ਬਿਅਫ਼ਜ਼ਾਦਿ ਊ।੧੦੪।**

ਸਤਿਗੁਰੂ ਬੰਦੀ ਛੋੜ ਹੈ, ਇਨ੍ਹਾਂ ਭੈੜਿਆਂ ਨੂੰ ਕੁਝ ਨਾ ਦਿਓ, ਸਿਖਾਂ 'ਤੇ ਤਾਂ ਗੁਰੂ ਦੀ ਉਂਜ ਹੀ ਕ੍ਰਿਪਾ ਹੈ।

**ਗੁਰੂ ਦਸਤਿ ਆਂ ਰਾ ਗਿਰਿਫ਼ਤਾ ਚੁਨਾਂ**
**ਬਬੀਂ ਵਾਲਦੇ ਖ਼ੇਸ਼ ਰਾ ਦਰ ਜਿਨਾਂ।੧੦੫।**

ਸਤਿਗੁਰਾਂ ਉਸ ਦਾ ਹੱਥ ਫੜਿਆ ਤੇ ਕਿਹਾ ਕਿ ਚੱਲ ਤੂੰ ਆਪਣੇ ਪਿਤਾ ਨੂੰ ਸੁਰਗ ਵਿਚ ਬੈਠਾ ਦੇਖ ਲੈ।

**ਕਿ ਮਾਂਦਾ ਗੁਰੂ ਵਾਲਦਿਸ਼ ਦਰ ਬਹਿਸ਼ਤ**
**ਹਮਾ ਚਾਰਪਾਈ ਵ ਆਂ ਖ਼ੁਸ਼ ਸਰਿਸ਼ਤ।੧੦੬।**

ਗੁਰੂ ਨੇ ਉਸ ਨੂੰ ਸੁਰਗ ਵਿਚ ਟਿਕਾਅ ਰੱਖਿਆ ਹੈ, ਉਹੋ ਉਸ ਦੀ ਮੰਜੀ ਹੈ ਤੇ ਉਹੋ ਭਾਗਵਾਨ ਮਨੁੱਖ ਹੈ।

**ਬਦੀਦਾਰਿ ਫ਼ਰਜ਼ੰਦ ਗਰਦੀਦ ਸ਼ਾਦ**
**ਬਗੁਫ਼ਤਾ ਕੁ ਬੁਰਦਸਤ ਐ ਖ਼ੁਸ਼ ਨਿਹਾਦ ।੧੦੭।**

ਉਹ ਆਪਣੇ ਪੁੱਤਰ ਨੂੰ ਦੇਖ ਕੇ ਬਹੁਤ ਖ਼ੁਸ਼ ਹੋਇਆ ਤੇ ਕਹਿਣ ਲੱਗਾ ਕਿ ਭਲੇ ਲੋਕਾ! ਤੈਨੂੰ ਕੌਣ ਇਥੇ ਲਿਆਇਆ ?

**ਸੁਖ਼ਨ ਗੁਫ਼ਤ ਐ ਨੇਕ ਬਖ਼ਤੇ ਜਹਾਂ**
**ਕਿ ਨਾਮੇ ਗੁਰੂ ਦਾਰ ਦਰ ਦਿਲ ਚੂੰ ਜਾਂ ।੧੦੮।**

ਉਸ ਆਖਿਆ—ਹੇ ਭਾਗਵਾਨ! ਤੂੰ ਗੁਰੂ ਦਾ ਨਾਮ ਆਪਣੇ ਦਿਲ ਵਿਚ ਆਰਾਧਿਆ ਕਰ।

**ਬ ਲੁਤਫ਼ਿ ਗੁਰੂ ਬਖ਼ਸ਼ਿਸ਼ੇ ਯਾਫ਼ਤੰਦ**
**ਫ਼ਰਾਮੋਸ਼ ਕਰਦਾ ਗੁਰੂ ਸਦ ਸਿਤਮ ।੧੦੯।**

ਮੈਂ ਗੁਰੂ ਦੀ ਕ੍ਰਿਪਾ ਨਾਲ ਇਹ ਬਖ਼ਸ਼ਿਸ਼ ਹਾਸਲ ਕੀਤੀ ਹੈ। ਗੁਰੂ ਤੋਂ ਭੁੱਲਿਆਂ ਨੂੰ ਅਨੇਕਾਂ ਬਿਪਤਾ ਪੈਂਦੀਆਂ ਹਨ।

**ਸ਼ੁਨੀਦਾ ਸੁਖ਼ਨ ਰਫ਼ਤ ਕਰਤਾਰਪੂਰ**
**ਚੁਨੀਂ ਅਰਜ਼ ਕਰਦਾ ਬਪੇਸ਼ਿ ਹਜ਼ੂਰ।੧੧੦।**

ਇਹ ਬਚਨ ਸੁਣ ਕੇ ਉਹ ਕਰਤਾਰਪੁਰ ਗਿਆ ਤੇ ਸਤਿਗੁਰਾਂ ਦੇ ਹਜ਼ੂਰ ਇਉਂ ਬੇਨਤੀ ਕੀਤੀ।

**ਕਰਾਮਾਤਿ ਊ ਬਰ ਤੋ ਬਾਸ਼ਦ ਇਯਾਂ**
**ਚੁ ਗਰਦੀਦ ਬਰ ਅਹਲਿ ਦੁਨੀਆ ਨਿਹਾਂ।੧੧੧।**

ਉਸ ਰੱਬ ਦੀ ਕਰਾਮਾਤ ਤੇਰੇ 'ਤੇ ਪ੍ਰਗਟ ਹੋ ਗਈ, ਜੋ ਕਿ ਆਮ ਦੁਨੀਆਦਾਰਾਂ ਤੋਂ ਲੁਕੀ ਰਹਿੰਦੀ ਹੈ।

**ਗੁਰੂ ਗੁਫ਼ਤ ਐ ਸਿਖੇ ਦਿਲ ਬਾ ਸਫ਼ਾ**
**ਜ਼ ਗੰਗਾ ਮਰਾ ਆਬੇ ਗੰਗਾ ਬਿਆ।੧੧੨।**

ਗੁਰੂ ਨੇ ਕਿਹਾ ਕਿ ਹੇ ਸਾਫ਼ ਚਿਤ ਵਾਲੇ ਸਿਖ! ਤੂੰ ਗੰਗਾ ਤੋਂ ਮੇਰੇ ਲਈ ਵੀ ਗੰਗਾ ਜਲ ਲੈਂਦਾ ਆਵੀਂ।

**ਵ ਆਂ ਕੂਜ਼ਾਏ ਮਾ ਪੁਰ ਅਜ਼ ਆਬ ਕੁਨ**
**ਲੇਕਿਨ ਮਰੱਬਜ਼ ਪੁਰ ਜ਼ ਆਬ ਕੁਨ।੧੧੩।**

ਤੂੰ ਸਾਡਾ ਲੋਟਾ ਗੰਗਾ ਤੋਂ ਭਰ ਲਿਆਵੀਂ, ਲੇਕਿਨ ਭਰੀਂ, ਪੂਰੀ ਤਰ੍ਹਾਂ ਸਿੱਧਾ ਰੱਖ ਕੇ।

**ਬ ਗੰਗਾ ਚੂੰ ਆਂ ਜਿਸਮ ਸ਼ੋਈਦਾ ਬੂਦ**
**ਜ਼ਬਸ ਗੁੰਮ ਸ਼ੁਦਾ ਕੂਜ਼ਾ ਜੋਈਦਾ ਬੂਦ।੧੧੪।**

ਜਦੋਂ ਸਿਖ ਨੇ ਗੰਗਾ ਵਿਚ ਇਸ਼ਨਾਨ ਕੀਤਾ ਤਾਂ ਉਸ ਪਾਸੋਂ ਲੋਟਾ ਗੁੰਮ ਹੋ ਗਿਆ, ਬਥੇਰੀ ਭਾਲ ਕੀਤੀ ਪਰ ਹੱਥ ਨਾ ਆਇਆ।

**ਬ ਨਾਚਾਰ ਆਂ ਸਿਖ ਬ ਬਾਜ਼ਾਰ ਰਫ਼ਤ**
**ਕਿ ਯਕ ਕੂਜ਼ਾ ਦੀਗਰ ਬ ਕੀਮਤ ਗ੍ਰਿਫ਼ਤ।੧੧੫।**

ਅੰਤ ਮਜਬੂਰ ਹੋ ਕੇ ਸਿਖ ਬਾਜ਼ਾਰ ਗਿਆ ਤੇ ਇਕ ਹੋਰ ਲੋਟਾ ਮੁੱਲ ਖ਼ਰੀਦ ਲਿਆਇਆ।

ਨਮੂਦਾ ਪੁਰ ਅਜ਼ ਆਬਿ ਗੰਗਾ ਬਫ਼ੂਰ
ਜ਼ ਰੂਏ ਖ਼ੁਸ਼ਾਮਦ ਬ ਕਰਤਾਰਪੂਰ।੧੧੬।

ਉਸ ਨੇ ਗੰਗਾ ਜਲ ਨਾਲ ਲੋਟਾ ਭਰ ਲਿਆ ਤੇ ਗੁਰੂ ਨੂੰ ਖ਼ੁਸ਼ ਕਰਨ ਲਈ ਕਰਤਾਰਪੁਰ ਵੱਲ ਚੱਲ ਪਿਆ।

ਗੁਰੂ ਅਜ਼ ਕਰਾਮਤ ਮਾਲੂਮ ਕਰਦ
ਹਮਹ ਹਾਲਤੇ ਕੂਜ਼ਾ ਮਫ਼ਹੂਮ ਕਰਦ।੧੧੭।

ਗੁਰੂ ਸਾਹਿਬ ਨੇ ਕਰਾਮਾਤ ਦੁਆਰਾ ਲੋਟੇ ਦੇ ਗੁੰਮਣ ਤੇ ਲੱਭਣ ਦੀ ਸਾਰੀ ਗੱਲ ਜਾਣ ਲਈ।

ਬ ਆਂ ਮਰਦਿ ਸਿਖ ਗੁਫ਼ਤ ਐ ਨੇਕ ਖ਼ੂ
ਬਗੋ ਰਾਸਤੀ ਦਰੋਗੇ ਮਗੂ।੧੧੮।

ਉਸ ਸਿਖ ਨੂੰ ਗੁਰੂ ਜੀ ਨੇ ਕਿਹਾ ਕਿ ਸੱਚ ਸੱਚ ਦੱਸੀਂ ਤੇ ਝੂਠ ਨਾ ਮਾਰੀਂ ਕਿ ਕੀ ਗੱਲ ਹੋਈ ਹੈ ?

**ਬਿਆਂ ਕਰਦ ਕੂਜ਼ਾ ਬ ਗੰਗਾ ਬਰ.ਫਤ**
**ਗੁਰੂ ਗੁ.ਫਤ ਅਜ਼ ਗੰਗਾ ਖ਼ਾਹਮ ਗ੍ਰਿ.ਫਤ ।੧੧੯।**

ਉਸ ਸਿਖ ਨੇ ਦੱਸਿਆ ਕਿ ਲੋਟਾ ਪਾਣੀ ਵਿਚ ਰੁੜ੍ਹ ਗਿਆ ਸੀ। ਸਤਿਗੁਰਾਂ ਕਿਹਾ ਕਿ ਮੈਂ ਗੰਗਾ ਤੋਂ ਪਕੜ ਮੰਗਾਵਾਂਗਾ।

**.ਫਰਿਸਤਾਦਾ ਊ ਦਰ ਸ਼ੱਕਰਗੰਜ ਚਾਹ**
**ਬਿਆ ਕੂਜ਼ਾਇ ਮਨ ਜ਼ ਗੰਗਾ ਬਜਾ ।੧੨੦।**

ਗੁਰੂ ਜੀ ਨੇ ਉਸ ਨੂੰ ਮਿੱਠੇ ਪਾਣੀ ਵਾਲੀ ਬਾਉਲੀ 'ਤੇ ਭੇਜਿਆ ਕਿ ਜਾ ਮੇਰਾ ਲੋਟਾ ਲਿਆ ਦੇ।

**ਚੂ ਆਂ ਦੀਦ ਮੀਰ.ਫਤ ਗੰਗਾ ਦਵਾਂ**
**ਬਸਾ ਕੂਜ਼ਾ ਦਰ ਆਬੇ ਗੰਗਾ ਨੁਮਾ ।੧੨੧।**

ਜਦੋਂ ਉਸ ਨੇ ਵਗਦੀ ਗੰਗਾ 'ਤੇ ਨਜ਼ਰ ਮਾਰੀ ਤਾਂ ਉਥੇ ਕਈ ਲੋਟੇ ਪਾਣੀ ਵਿਚ ਪਏ ਦਿਸੇ।

**ਨਿਦਾ ਦਾਦ ਸੂਏ ਗੁਰੂ ਬੇ ਹਰਾਸ**
**ਕਿ ਕੂਜ਼ਾ ਕੁਜਾ ਅਸਤ ਐ ਹੱਕ ਸ਼ਨਾਸ।੧੨੨।**

ਉਸ ਨੇ ਨਿਧੜਕ ਹੋ ਕੇ ਗੁਰੂ ਵੱਲ ਆਵਾਜ਼ ਦਿੱਤੀ, ਹੇ ਅਸਲੀਅਤ ਦੇ ਜਾਣਕਾਰ! ਦੱਸੋ ਲੋਟਾ ਕਿਥੇ ਹੈ?

**ਗੁਰੂ ਗੁਫ਼ਤ ਦਰ ਕੂਜ਼ਹਾ ਸ਼ੁਦ ਕਸੀਰ**
**ਵ ਲੇਕਿਨ ਹਮੂੰ ਕੂਜ਼ਾਇ ਰਾ ਬਗੀਰ।੧੨੩।**

ਗੁਰੂ ਜੀ ਨੇ ਕਿਹਾ, ਉਥੇ ਕਈ ਲੋਟੇ ਪਏ ਹਨ ਪਰ ਤੂੰ ਉਸੇ ਲੋਟੇ ਨੂੰ ਹੀ ਪਕੜਨਾ ਹੈ।

**ਨਿਦਾ ਆਮਦ ਅਜ਼ ਗੰਗਾ ਕੂਜ਼ਾ ਸਿਤਾਂ**
**ਬਨਿਜ਼ਦੇ ਗੁਰੂ ਰਫ਼ਤ ਖ਼ੰਦਾ ਕੁਨਾਂ।੧੨੪।**

ਗੰਗਾ ਤੋਂ ਆਵਾਜ਼ ਆਈ, ਤੂੰ ਆਪਣਾ ਲੋਟਾ ਚੁੱਕ ਲੈ, ਸਿੱਖ ਹੱਸਦਾ ਹੱਸਦਾ ਸਤਿਗੁਰਾਂ ਪਾਸ ਗਿਆ।

ਬ ਗੁਫ਼ਤਾ ਕਿ ਗੰਗਾ ਨ ਸ਼ੁਦ ਹਰਿਦੁਆਰ
ਬ ਚਾਹੇ ਸ਼ੱਕਰਗੰਜ ਬੀਨਮ ਬਹਾਰ।੧੨੫।

ਉਸ ਨੇ ਕਿਹਾ ਕਿ ਗੰਗਾ ਹਰਿਦੁਆਰ ਵਿਚ ਹੀ ਨਹੀਂ ਵਗਦੀ, ਮੈਂ ਤਾਂ ਇਸ ਦਾ ਨਜ਼ਾਰਾ ਆਪਣੀ ਮਿੱਠੀ ਬਾਉਲੀ ਵਿਚ ਵੀ ਵੇਖ ਰਿਹਾ ਹਾਂ।

ਗੁਰੂ ਗੁਫ਼ਤ ਐ ਸਿਖਿ ਮਾ ਕੁਨ ਖ਼ਿਤਾਬ
ਬਰੀਂ ਚਾਹ ਬਾਸ਼ਦ ਕਿ ਗੰਗਾ ਸਵਾਬ।੧੨੬।

ਗੁਰੂ ਸਾਹਿਬ ਨੇ ਸਿਖ ਨੂੰ ਪੁੱਛਿਆ ਕਿ ਤੂੰ ਹੀ ਦੱਸ, ਗੰਗਾ ਨ੍ਹਾਉਣ ਦਾ ਪੁੰਨ ਹੈ ਜਾਂ ਇਸ ਬਾਉਲੀ ਦਾ।

ਚੂ ਮਨ ਹੁਕਮ ਦਾਦਮ ਬ ਸਿਖਾਂ ਬਕੋਸ਼
ਬਗੋ ਆਂ ਮਨਮ ਨੀਜ਼ ਅੰਮ੍ਰਿਤ ਬਨੋਸ਼।੧੨੭।

ਮੈਂ ਸਿਖਾਂ ਨੂੰ ਆਗਿਆ ਕੀਤੀ ਹੈ ਕਿ ਹਿੰਮਤ ਕਰੋ ਤੇ ਅੰਮ੍ਰਿਤ ਪਾਨ ਕਰੋ।

**ਤੁਰਾ ਹਰ ਚਿ ਗੋਇੰਦ ਬ੍ਰਾਹਮਣ ਮਕੁਨ**
**ਅਜ਼ੀਂ ਸੁਹਬਤ ਆਲੂਦਾ ਦਾਮਨ ਮਕੁਨ।੧੨੮।**

ਤੁਹਾਨੂੰ ਜੋ ਕੁਝ ਬ੍ਰਾਹਮਣ ਕਹੇ, ਉਹ ਨਹੀਂ ਕਰਨਾ। ਸੋ ਤੁਸੀਂ ਉਨ੍ਹਾਂ ਦੀ ਸੰਗਤ ਕਰ ਕੇ ਆਪਣਾ ਆਪ ਭਰਮਾਂ-ਵਹਿਮਾਂ ਵਿਚ ਨਹੀਂ ਲਿਬੇੜਨਾ।

**ਜ਼ ਔਲਾਦੇ ਮਰਦਾਨਾ ਬਾਸ਼ਦ ਸ਼ਬਦ**
**ਅਜ਼ਾਂ ਬਾਅਦ ਦਰਬਾਰੇ ਢਾਡੀ ਰਸਦ।੧੨੯।**

ਮਰਦਾਨੇ ਦੀ ਔਲਾਦ ਭਾਵ ਰਬਾਬੀਆਂ ਤੋਂ ਸ਼ਬਦ ਸੁਣਿਆ ਜਾਵੇ, ਇਸ ਤੋਂ ਬਾਅਦ ਢਾਡੀ ਦਾ ਦਰਬਾਰ ਲੱਗਣਾ ਠੀਕ ਹੈ।

**ਹਮੀ ਦਰ ਦਿਗਰ ਇਸਮੇ ਪ੍ਰਵਰਦਗਾਰ**
**ਬਵਕਤੇ ਕਥਾ ਬਾਸ਼ਦ ਅਜ਼ ਢਾਡੀ ਵਾਰ।੧੩੦।**

ਪ੍ਰਭੂ ਦੇ ਨਾਮ-ਸਿਮਰਨ ਦੀ ਵਿਧਿ ਇਹ ਵੀ ਹੈ ਕਿ ਕਥਾ ਦੇ ਸਮੇਂ ਢਾਡੀ ਵੱਲੋਂ ਵਾਰ ਗਾਈ ਜਾਵੇ।

**ਬਹਮ ਰਾਹ ਸਫ਼ਰਏ ਪੁਰਸ਼ਾਂ ਖ਼ੁਰੇਦ**
**ਬਤਿਸ਼ਨਾ ਨ ਸਾਜ਼ੇਦ ਪੁਰ ਸਾ ਬੁਰੇਦ।੧੩੧।**

ਫਿਰ ਨੇਕ ਪੁਰਸ਼ਾਂ ਦੀ ਪੰਗਤ ਵਿਚ ਬਹਿ ਕੇ ਲੰਗਰ ਛਕੋ ਤੇ ਕਿਸੇ ਭੁੱਖੇ ਪਿਆਸੇ ਨੂੰ ਸਵਾਲੀ ਬਣਨ ਦਾ ਮੌਕਾ ਨਾ ਦਿਓ, ਭਾਵ ਸਭ ਨੂੰ ਇਕ ਸਾਰ ਪ੍ਰਸ਼ਾਦ ਛਕਾਉਂਦੇ ਜਾਓ।

**ਮਕੁਨ ਦਰ ਅਮਲ ਗੁਫ਼ਤਾਏ ਬ੍ਰਾਹਮਨ**
**ਕਨੂੰ ਦਰ ਕੁੱਠਾ ਜਾਨਵਰ ਰਾ ਮਜ਼ਨ।੧੩੨।**

ਬ੍ਰਾਹਮਣ ਦੀ ਆਖੀ ਕਿਸੇ ਗੱਲ 'ਤੇ ਅਮਲ ਨਾ ਕਰੋ, ਜਾਨਵਰ ਨੂੰ ਜ਼ਿਬਾਹ ਕਰਨ ਦੇ ਤਰੀਕੇ ਨਾਲ ਨਾ ਮਾਰੋ, ਭਾਵ ਕੁੱਠਾ ਜਾਂ ਹਲਾਲ ਕਰਨਾ ਠੀਕ ਨਹੀਂ।

**ਕਸੇ ਕੂ ਬ ਫ਼ੁਰਮਾਨਿ ਮਨ ਆਮਿਲ ਅਸਤ**
**ਬ ਅਉਲਾਦ ਊ ਰਾ ਮੁਰਾਦਿ ਦਿਲ ਅਸਤ।੧੩੩।**

ਜੋ ਕੋਈ ਮੇਰੇ ਹੁਕਮ 'ਤੇ ਚੱਲਦਾ ਹੈ, ਉਸ ਦੀ ਔਲਾਦ ਦੀਆਂ ਮੁਰਾਦਾਂ ਵੀ ਪੂਰੀਆਂ ਹੋਣਗੀਆਂ।

**ਬ ਦੁਨੀਆ ਚੂੰ ਕਰਦੰਦ ਆਂ ਰਾ ਕਬੀਰ**
**ਗੁਰੂ ਨਾਨਕ ਆਂ ਰਾ ਚੂ ਕਰਦਾ ਵਜ਼ੀਰ।੧੩੪।**

ਜਦ ਦੁਨੀਆ ਨੇ ਉਸ ਨੂੰ ਮਾਨਤਾ ਦੇ ਕੇ ਵੱਡਾ ਬਣਾਇਆ ਤਾਂ ਗੁਰੂ ਨਾਨਕ ਸਾਹਿਬ ਨੇ ਉਸ ਨੂੰ ਆਪਣਾ ਵਜ਼ੀਰ ਥਾਪ ਲਿਆ। (ਭਾਵ ਮਰਦਾਨੇ ਤੋਂ ਹੈ)।

**ਕੁਨੰਦ ਜਸ਼ਨ ਦਰਬਾਰੇ ਇਸ਼ਰਤ ਫ਼ਿਰੋਜ਼**
**ਸ਼ਨੋ ਵਾਰਿ ਢਾਡੀ ਪਸਾ ਨਿਸਫ਼ ਰੋਜ਼।੧੩੫।**

ਜਦੋਂ ਖ਼ੂਬ ਸਜਾ-ਵਜਾ ਕੇ ਦਰਬਾਰ ਦਾ ਜੁਸ਼ਨ ਕਰੋ ਤਾਂ ਬਾਅਦ ਦੁਪਹਿਰ ਸ਼ਾਮ ਵੇਲੇ ਢਾਡੀ ਦੀ ਵਾਰ ਵੀ ਸੁਣੋ।

**ਕਿ ਯਜ਼ਦਾਂ ਬ ਮਾ ਪਾਤਸ਼ਾਹੀ ਬਦਾਦ**
**ਕਿ ਸਿੰਘਾਨਿ ਮਾ ਹਰ ਚਿ ਦਾਰੰਦ ਸ਼ਾਦ।੧੩੬।**

ਜਦ ਕਿ ਪਰਮੇਸ਼ਰ ਨੇ ਸਾਨੂੰ ਬਾਦਸ਼ਾਹਤ ਬਖ਼ਸ਼ੀ ਹੈ ਤਾਂ ਹੀ ਸਾਡੇ ਸਿੰਘ ਹਰ ਹਾਲਤ ਵਿਚ ਪ੍ਰਸੰਨ ਰਹਿੰਦੇ ਹਨ।

**ਸ਼ਵਦ ਹਮਰਹੇ ਸਿੰਘ ਢਾਡੀ ਮੁਦਾਮ**
**ਬਿਲਾ ਢਾਡੀ ਹਰਗਿਜ਼ ਨ ਖੁਰਦਾ ਤੁਆਮ ।੧੩੭।**

ਢਾਡੀ ਹਮੇਸ਼ਾ ਸਿੰਘਾਂ ਦੇ ਨਾਲ ਰਹੇ ਤੇ ਢਾਡੀ ਨੂੰ ਛਕਾਏ ਬਿਨਾ ਪ੍ਰਸ਼ਾਦ ਵੀ ਨਾ ਛਕੇ।

**ਗੁਰੂ ਨਾਨਕ ਅਜ਼ ਲੁਤਫ਼ ਗੁਫ਼ਤਾ ਸੁਖ਼ਨ**
**ਕਿ ਮਰਦਾਨਾ ਪੈ ਵਸਤਾ ਹਮਰਾਹੇ ਮਨ ।੧੩੮।**

ਗੁਰੂ ਨਾਨਕ ਸਾਹਿਬ ਨੇ ਬੜੇ ਆਨੰਦ ਮਗਨ ਹੋ ਕੇ ਬਚਨ ਕੀਤਾ ਕਿ ਮਰਦਾਨਾ ਹਮੇਸ਼ਾ ਸਾਡਾ ਸੰਗੀ ਰਿਹਾ ਹੈ।

**ਬ ਮਾ ਹਸਤ ਢਾਡੀਇ ਨੱਥਮੱਲ ਮੁਦਾਮ**
**ਗੁਰੂ ਨਾਨਕ ਅਫ਼ਰੋਖ਼ਤਾ ਈਂ ਕਲਾਮ ।੧੩੯।**

ਢਾਡੀ ਨੱਥ ਮੱਲ ਸਦਾ ਸਾਡੇ ਨਾਲ ਹੈ, ਗੁਰੂ ਨਾਨਕ ਨੇ ਇਹ ਗੱਲ ਆਖਣ ਦੀ ਸਾਨੂੰ ਪ੍ਰੇਰਨਾ ਕੀਤੀ ਹੈ।

**ਹਯਾ ਅਜ਼ ਬ੍ਰਾਹਮਨ-ਪ੍ਰਸਤੀ ਕੁਨੰਦ**
**ਕਿ ਈਂ ਚਾਰ ਫ਼ਰਜ਼ੰਦਿ ਮਨ ਕੁਸ਼ਤਾ ਅੰਦ ।੧੪੦।**

ਬ੍ਰਾਹਮਣ ਦੀ ਪੂਜਾ ਕਰਨੋਂ ਸ਼ਰਮ ਕਰੋ, ਕਿਉਂਕਿ ਇਨ੍ਹਾਂ ਤਾਂ ਸਾਡੇ ਚਾਰ ਪੁੱਤਰ ਮਰਵਾ ਛੱਡੇ ਹਨ।

**ਮਕੁਨ ਹਰ ਚਿ ਗੋਯੰਦ ਕ੍ਰਿਆ ਕਰਮ**
**ਸਦਾ ਮੀਦਹੰਦ ਸਿੰਘਿ ਮਾਰਾ ਖ਼ਸਮ ।੧੪੧।**

ਬ੍ਰਾਹਮਣ ਜੋ ਕ੍ਰਿਆ ਕਰਮ ਦੱਸਦਾ ਹੈ, ਉਹ ਨਾ ਕਰੋ, ਇਹ ਸਾਡੇ ਸਿੰਘਾਂ ਨੂੰ ਸਦਾ ਬਿਪਤਾ ਪਾਉਂਦੇ ਹਨ।

**ਚੂ ਸ਼ੁਦ ਸਿੰਘ ਸਿਹਚੰਦ ਅੰਮ੍ਰਿਤ ਬਨੋਸ਼**
**ਚੂ ਤੌਲੀਦ ਫ਼ਰਜ਼ੰਦ ਅੰਮ੍ਰਿਤ ਬਕੋਸ਼ ।੧੪੨।**

ਜੋ ਸਿੰਘ ਹੋਵੇ, ਉਹ ਤਿੰਨੇ ਸਮੇਂ ਅੰਮ੍ਰਿਤ ਛਕੰ, ਜਦ ਬੱਚਾ ਜਨਮ ਲਵੇ ਤਾਂ ਅੰਮ੍ਰਿਤ ਛਕਾਵੇ।

**ਬ ਵਕਤੇ ਜਵਾਨੀ ਜ਼ ਅੰਮ੍ਰਿਤ ਤਲਾਸ਼**
**ਕਿ ਅਜ਼ ਦਸਤਿ ਦੁਸ਼ਮਨ ਤੂ ਆਜਜ਼ ਮਬਾਸ਼ ।੧੪੩।**

ਜੁਆਨੀ ਵਿਚ ਪਹੁੰਚਣ ਸਮੇਂ ਅੰਮ੍ਰਿਤ ਦੀ ਅਭਿਲਾਸ਼ਾ ਕਰੇ ਤਾਕਿ ਵੈਰੀ ਹੱਥੋਂ ਹੀਣਾ ਹੋਣਾ ਨਾ ਪਵੇ।

**ਦਮੇ ਮਰਗ ਅੰਮ੍ਰਿਤ ਬਵਦ ਖ਼ੁਸ਼ਗਵਾਰ**
**ਅਮਰ ਈਂਨੇ ਮਾਰਾ ਬਸਾ ਯਾਦ ਦਾਰ ।੧੪੪।**

ਤੂੰ ਸਾਡਾ ਇਹ ਬਚਨ ਯਾਦ ਰੱਖ ਕਿ ਅੰਤਕਾਲ ਸਮੇਂ ਵੀ ਅੰਮ੍ਰਿਤ ਅਨੰਦ-ਦਾਤਾ ਹੁੰਦਾ ਹੈ।

**ਗ੍ਰੋਹੇ ਸ਼ੁਦਾ ਖ਼ੈਲੇ ਸਿੰਘਾਨਿ ਮਾ**
**ਬ ਢਾਡੀ ਅਮਰਨਾਮਾ ਕਰਦਮ ਅਤਾ ।੧੪੫।**

ਸਾਡੇ ਸਿੰਘਾਂ ਦੀ ਸੰਗਤ ਇਕੱਤਰ ਹੋਈ ਤਾਂ ਮੈਂ ਇਹ ਅਮਰਨਾਮਾ ਢਾਡੀ ਨੂੰ ਬਖ਼ਸ਼ਿਆ।

**ਬਢਾਡੀ ਬਵਦ ਜ਼ੀਨਤੇ ਬਜ਼ਮ ਰਾ**
**'ਅਮਰਨਾਮਾ' ਅਜ਼ ਢਾਡੀ ਆਯਦ ਬਜਾ ।੧੪੬।**

ਢਾਡੀ ਨਾਲ ਸੰਗਤ ਦੀ ਸ਼ੋਭਾ ਹੈ ਤੇ ਅਮਰਨਾਮੇ ਦਾ ਗਾਉਣਾ ਢਾਡੀ ਨੂੰ ਸ਼ੋਭਦਾ ਹੈ।

*(੪) ਅੰਤਿਕਾ—*

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸਾਕੀਨਾਮਾ

**ਬਿਦੇਹ ਸਾਕੀਆ ! ਸਾਗ਼ਰੇ ਸਬਜ਼ ਰੰਗ**
**ਕਿ ਮਾਰਾ ਬਕਾਰ ਅਸਤ ਦਰ ਵਕਤਿ ਜੰਗ।**

ਹੇ ਸਾਕੀ! ਮੈਨੂੰ ਸਬਜ਼ ਰੰਗ ਦਾ ਪਿਆਲਾ ਦੇ, ਇਹ ਮੈਨੂੰ ਜੰਗ ਯੁੱਧ ਸਮੇਂ ਲੋੜੀਂਦਾ ਹੈ।

**ਬ ਮਨ ਦਿਹ ਕਿ ਬਖ਼ਤ-ਆਜ਼ਮਾਈ ਕੁਨਮ**
**ਜ਼ ਤੇਗ਼ਿ ਖ਼ੁਦਸ਼ ਕਾਰਰਵਾਈ ਕੁਨਮ।**

ਮੈਨੂੰ ਇਹ ਪਿਆਲਾ ਦੇ ਤਾਕਿ ਮੈਂ ਆਪਣੇ ਭਾਗਾਂ ਦੀ ਪਰਖ ਕਰ ਲਵਾਂ ਤੇ ਆਪ ਹੀ ਆਪਣੀ ਤੇਗ਼ ਤੋਂ ਕੰਮ ਲਵਾਂ।

**ਬਿਦੇਹ ਸਾਕੀਆ ! ਸਾਗ਼ਰੇ ਨੈਨ ਪਾਨ**
**ਕੁਨਦ ਪੀਰ ਸਦ ਸਾਲਹਾ ਰਾ ਨੌਜਵਾਨ।**

ਹੇ ਸਾਕੀ! ਮੈਨੂੰ ਨੈਣਾਂ ਨੂੰ ਰੰਗ ਚੜ੍ਹਾਉਣ ਵਾਲਾ ਪਿਆਲਾ ਦੇ, ਜੋ ਸੌ ਵਰ੍ਹਿਆਂ ਦੇ ਬੁੱਢੇ ਨੂੰ ਵੀ ਜੁਆਨ ਬਣਾ ਦੇਵੇ।

**ਬਿਦੇਹ ਸਾਕੀਆ ! ਜਾਮ ਫ਼ੀਰੋਜ਼ ਫ਼ਾਮ**
**ਕਿ ਮਾਰਾ ਬਕਾਰ ਅਸਤ ਰੋਜ਼ਿ ਤਮਾਮ।**

ਹੇ ਸਾਕੀ! ਮੈਨੂੰ ਫ਼ੀਰੋਜ਼ੀ ਰੰਗ ਦਾ ਜਾਮ ਭਰ ਕੇ ਦੇ, ਮੈਨੂੰ ਇਹ ਨਿੱਤ ਨਿੱਤ ਲੋੜੀਂਦਾ ਹੈ।

**ਬ ਮਨ ਦਿਹ ਕਿ ਖ਼ੁਸ਼ਤਰ ਦਿਮਾਗ਼ੇ ਕੁਨਮ**
**ਕਿ ਰੌਸ਼ਨ ਤਬਅ ਚੂੰ ਚਰਾਗ਼ੇ ਕੁਨਮ।**

ਮੈਨੂੰ ਇਹ ਪਿਆਲਾ ਦੇ ਕਿ ਮੈਂ ਆਪਣੇ ਦਿਮਾਗ਼ ਨੂੰ ਬਹੁਤ ਵਧੀਆ ਬਣਾ ਸਕਾਂ ਤੇ ਆਪਣੀ ਤਬੀਅਤ ਨੂੰ ਜਗਮਗਾਉਂਦੇ ਦੀਪਕ ਵਾਂਙ ਰੌਸ਼ਨ ਕਰ ਸਕਾਂ।

**ਬਿਦੇਹ ਸਾਕੀਆ ! ਸਾਗ਼ਰੇ ਸਬਜ਼ ਆਬ**
**ਕਿ ਬੇਰੂੰ ਬਿਉਫ਼ਤਾਦ ਪਰਦਾ ਨਿਕਾਬ।**

ਹੇ ਸਾਕੀ ! ਮੈਨੂੰ ਹਰੇ ਹਰੇ ਰੰਗ ਦਾ ਪਿਆਲਾ ਦੇ, ਜਿਸ ਨਾਲ ਇਹ ਪੜਦਾ ਪਰੇ ਦੂਰ ਹਟ ਜਾਵੇ।

**ਬਿਦੇਹ ਸਾਕੀਆ ! ਸਾਗ਼ਰਿ ਕੋਕਨਾਰ**
**ਕਿ ਦਰ ਵਕਤਿ ਜੰਗਸ਼ ਬਿਆਮਦ ਬਕਾਰ।**

ਹੇ ਸਾਕੀ ! ਮੈਨੂੰ ਪੋਸਤ ਦੇ ਫੁੱਲਾਂ ਵਰਗੇ ਲਾਲ ਰੰਗ ਦਾ ਪਿਆਲਾ ਭਰ ਕੇ ਦੇ, ਜੋ ਕਿ ਜੰਗ ਯੁੱਧ ਸਮੇਂ ਕੰਮ ਆਉਂਦਾ ਹੈ।

**ਕਿ ਖ਼ੂਬਸਤ ਦਰ ਵਕਤਿ ਖ਼ਸਮ ਅਫ਼ਗਨੀ**
**ਕਿ ਯਕ ਕੁਰਤਸ਼ ਫ਼ੀਲ ਰਾ ਪਯ ਕੁਨੀ।**

ਇਹ ਵੈਰੀਆਂ ਨੂੰ ਮਾਰਨ ਸਮੇਂ ਬਹੁਤ ਵਧੀਆ ਕੰਮ ਦਿੰਦਾ ਹੈ। ਇਸ ਦੀ ਇਕ ਘੁੱਟ ਨਾਲ ਹਾਥੀ ਨੂੰ ਪਛਾੜ ਦੇਈਦਾ ਹੈ।

**ਬਿਦੇਹ ਸਾਕੀਆ ! ਸਾਗ਼ਰਿ ਸਬਜ਼ ਗੂੰ**
**ਕਿ ਮਾਰਾ ਬਕਾਰ ਅਸਤ ਜੰਗ ਅੰਦਰੂੰ।**

ਹੇ ਸਾਕੀ! ਮੈਨੂੰ ਸਬਜ਼ ਰੰਗ ਦਾ ਪਿਆਲਾ ਭਰ ਕੇ ਦੇ, ਜੋ ਕਿ ਜੰਗ ਯੁੱਧ ਸਮੇਂ ਸਾਡੇ ਲਈ ਕਾਰਾਮਦ ਹੋਵੇ।

**ਲਬਾ ਲਬ ਬ ਕੁਨ ਦਮ ਬਦਮ ਨੋਸ਼ ਕੁਨ**
**ਗ਼ਮੇ ਹਰ ਦੁਆਲਮ ਫ਼ਰਾਮੋਸ਼ ਕੁਨ।**

ਹੇ ਸਾਕੀ! ਇਹ ਪਿਆਲਾ ਮੂੰਹੋਂ ਮੂੰਹ ਭਰ ਦੇ ਤਾਕਿ ਮੈਂ ਹਰਦਮ ਇਸਨੂੰ ਪੀਂਦਾ ਜਾਵਾਂ ਤੇ ਦੋਹਾਂ ਲੋਕਾਂ ਦੇ ਗ਼ਮਾਂ ਨੂੰ ਭੁੱਲਦਾ ਭੁਲਾਂਦਾ ਜਾਵਾਂ।

*—ਸ੍ਰੀ ਦਸਮ ਗ੍ਰੰਥ, ਹਕਾਯਾਤ ਵਿਚੋਂ*

*(੫) ਅੰਤਿਕਾ—*

ਸ੍ਰੀ ਦਸਮੇਸ਼ ਜੀ ਵੱਲੋਂ
ਸੱਚੇ ਪਾਤਸ਼ਾਹ
ਪਰਮੇਸ਼ਰ ਦੇ ਨਾਂ ਲਿਖਿਆ

# ਬਿਨੈ-ਪੱਤਰ

## ਬੇਨਤੀ ਚੌਪਈ (ਅਰਜ਼ਨਾਮਾ)

ਭਾਦ੍ਰੋਂ ੧੭੫੩ ਬਿ:

ੴ ਵਾਹਿਗੁਰੂ ਜੀ ਕੀ ਫ਼ਤਹਿ॥

## ਬੇਨਤੀ ਚੌਪਈ॥ ਪਾਤਸ਼ਾਹੀ ੧੦॥

ਹਮਰੀ ਕਰੋ ਹਾਥ ਦੈ ਰੱਛਾ॥ ਪੂਰਨ ਹੋਇ ਚਿਤ ਕੀ ਇੱਛਾ॥
ਤਵ ਚਰਨਨ ਮਨ ਰਹੈ ਹਮਾਰਾ॥ ਅਪਨਾ ਜਾਨ ਕਰੋ ਪ੍ਰਤਿਪਾਰਾ॥੧॥

ਹਮਰੇ ਦੁਸਟ ਸਭੈ ਤੁਮ ਘਾਵਹੁ॥ ਆਪੁ ਹਾਥ ਦੈ ਮੋਹਿ ਬਚਾਵਹੁ॥
ਸੁਖੀ ਬਸੈ ਮੋਰੋ ਪਰਿਵਾਰਾ॥ ਸੇਵਕ ਸਿੱਖ ਸਭੈ ਕਰਤਾਰਾ॥੨॥

ਮੋ ਰੱਛਾ ਨਿਜ ਕਰ ਦੈ ਕਰਿਯੈ॥ ਸਭ ਬੈਰਨ ਕੋ ਆਜ ਸੰਘਰਿਯੈ॥
ਪੂਰਨ ਹੋਇ ਹਮਾਰੀ ਆਸਾ॥ ਤੋਰ ਭਜਨ ਕੀ ਰਹੈ ਪਿਆਸਾ॥੩॥

ਤੁਮਹਿ ਛਾਡਿ ਕੋਈ ਅਵਰ ਨ ਧਯਾਊਂ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ॥
ਸੇਵਕ ਸਿੱਖ ਹਮਾਰੇ ਤਾਰੀਅਹਿ॥ ਚੁਨਿ ਚੁਨਿ ਸਤ੍ਰੁ ਹਮਾਰੇ ਮਾਰੀਅਹਿ॥੪॥

ਆਪ ਹਾਥ ਦੈ ਮੁਝੈ ਉਬਰਿਯੈ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ॥
ਹੂਜੋ ਸਦਾ ਹਮਾਰੇ ਪੱਛਾ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥੫॥

ਰਾਖਿ ਲੇਹੁ ਮੁਹਿ ਰਾਖਨਹਾਰੇ॥ ਸਾਹਿਬ ਸੰਤ ਸਹਾਇ ਪਿਆਰੇ॥
ਦੀਨ ਬੰਧੁ ਦੁਸਟਨ ਕੇ ਹੰਤਾ॥ ਤੁਮ ਹੋ ਪੁਰੀ ਚਤੁਰ ਦਸ ਕੰਤਾ॥੬॥

ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵ ਜੂ ਅਵਤਰਾ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ॥ ਸਕਲ ਕਾਲ ਕਾ ਕੀਆ ਤਮਾਸਾ॥੭॥

ਜਵਨ ਕਾਲ ਜੋਗੀ ਸਿਵ ਕੀਓ॥ ਬੇਦ ਰਾਜ ਬ੍ਰਹਮਾ ਜੂ ਥੀਓ॥
ਜਵਨ ਕਾਲ ਸਭ ਲੋਕ ਸਵਾਰਾ॥ ਨਮਸਕਾਰ ਹੈ ਤਾਹਿ ਹਮਾਰਾ॥੮॥

---

ਚਾਹੇ ਈਰਾਨੀ ਜ਼ਬਾਨ (ਫ਼ਾਰਸੀ) ਵਿਚ, ਚਾਹੇ ਹਿੰਦੁਸਤਾਨੀ ਜ਼ਬਾਨ ਵਿਚ, ਸ੍ਰੀ ਦਸਮੇਸ਼ ਜੀ ਦਾ ਅਟੱਲ ਇਲਾਹੀ ਈਮਾਨ ਤੇ ਆਤਮ-ਸਨਮਾਨ ਇਕਸਾਰ ਗੂੰਜਦਾ ਸੁਣਾਈ ਦਿੰਦਾ ਹੈ। ਇਸ ਪੱਖੋਂ ਜ਼ਫ਼ਰਨਾਮੇ ਤੇ ਬੇਨਤੀ ਚੌਪਈ ਦੀ ਸੁਰ ਧਿਆਨ ਨਾਲ ਸੁਣਨ ਯੋਗ ਹੈ।

ਜਵਨ ਕਾਲ ਸਭ ਜਗਤ ਬਨਾਯੋ ॥ ਦੇਵ ਦੈਤ ਜੱਛਨ ਉਪਜਾਯੋ ॥
ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥੯॥

ਨਮਸਕਾਰ ਤਿਸ ਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥
ਸਿਵਕਨ ਕੋ ਸਿਵ ਗੁਨ ਸੁਖ ਦੀਓ ॥ ਸੱਤ੍ਰੁਨ ਕੋ ਪਲ ਮੋ ਬਧ ਕੀਓ ॥੧੦॥

ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥
ਚੀਟੀ ਤੇ ਕੁੰਚਰ ਅਸਥੂਲਾ ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥

ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧੁਨ ਕੇ ਸੁਖੀ ॥
ਏਕ ਏਕ ਕੀ ਪੀਰ ਪਛਾਨੈਂ ॥ ਘਟ ਘਟ ਕੇ ਪਟ ਪਟ ਕੀ ਜਾਨੈਂ ॥੧੨॥

ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥
ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥

ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ ਆਪੁ ਆਪਨੀ ਬੂਝ ਉਚਾਰੈ ॥
ਤੁਮ ਸਭ ਹੀ ਤੇ ਰਹਤ ਨਿਰਾਲਮ ॥ ਜਾਨਤ ਬੇਦ ਭੇਦ ਅਰ ਆਲਮ ॥੧੪॥

ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥ ਆਦਿ ਅਨੀਲ ਅਨਾਦਿ ਅਸੰਭ ॥
ਤਾ ਕਾ ਮੂੜ੍ਹ ਉਚਾਰਤ ਭੇਦਾ ॥ ਜਾ ਕੌ ਭੇਵ ਨ ਪਾਵਤ ਬੇਦਾ ॥੧੫॥

ਤਾ ਕੌ ਕਰਿ ਪਾਹਨ ਅਨੁਮਾਨਤ ॥ ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥
ਮਹਾਦੇਵ ਕੌ ਕਹਤ ਸਦਾ ਸਿਵ ॥ ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥

ਆਪੁ ਆਪਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥
ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥

ਏਕੈ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵ ਕਹੀ ਭੂਪਾ ॥
ਅੰਡਜ ਜੇਰਜ ਸੇਤਜ ਕੀਨੀ ॥ ਉਤਭੁਜ ਖਾਨਿ ਬਹੁਰ ਰਚਿ ਦੀਨੀ ॥੧੮॥

ਕਹੂੰ ਫੂਲ ਰਾਜਾ ਹ੍ਵੈ ਬੈਠਾ॥ ਕਹੂੰ ਸਿਮਟਿ ਭਯੋ ਸੰਕਰ ਇਕੈਠਾ॥
ਸਗਰੀ ਸ੍ਰਿਸਟਿ ਦਿਖਾਇ ਅਚੰਭਵ॥ ਆਦਿ ਜੁਗਾਦਿ ਸਰੂਪ ਸੁਯੰਭਵ॥੧੯॥

ਅਬ ਰੱਛਾ ਮੇਰੀ ਤੁਮ ਕਰੋ॥ ਸਿੱਖ ਉਬਾਰਿ ਅਸਿੱਖ ਸੰਘਰੋ॥
ਦੁਸ਼ਟ ਜਿਤੇ ਉਠਵਤ ਉਤਪਾਤਾ॥ ਸਕਲ ਮਲੇਛ ਕਰੋ ਰਣ ਘਾਤਾ॥੨੦॥

ਜੇ ਅਸਿਧੁਜ ਤਵ ਸਰਨੀ ਪਰੇ॥ ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ॥
ਪੁਰਖ ਜਵਨ ਪਗ ਪਰੇ ਤਿਹਾਰੇ॥ ਤਿਨ ਕੇ ਤੁਮ ਸੰਕਟ ਸਭ ਟਾਰੇ॥੨੧॥

ਜੋ ਕਲਿ ਕੋ ਇਕ ਬਾਰ ਧਿਐ ਹੈ॥ ਤਾ ਕੇ ਕਾਲ ਨਿਕਟਿ ਨਹਿ ਐ ਹੈ॥
ਰੱਛਾ ਹੋਇ ਤਾਹਿ ਸਭ ਕਾਲਾ॥ ਦੁਸਟ ਅਰਿਸਟ ਟਰੈਂ ਤਤਕਾਲਾ॥੨੨॥

ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ॥ ਤਾ ਕੇ ਤਾਪ ਤਨਕ ਮੋ ਹਰਿਹੋ॥
ਰਿੱਧਿ ਸਿੱਧਿ ਘਰ ਮੋ ਸਭ ਹੋਈ॥ ਦੁਸ਼ਟ ਛਾਹ ਛ੍ਵੈ ਸਕੈ ਨ ਕੋਈ॥੨੩॥

ਏਕ ਬਾਰ ਜਿਨ ਤੁਮੈ ਸੰਭਾਰਾ॥ ਕਾਲ ਫਾਸ ਤੇ ਤਾਹਿ ਉਬਾਰਾ॥
ਜਿਨ ਨਰ ਨਾਮ ਤਿਹਾਰੋ ਕਹਾ॥ ਦਾਰਿਦ ਦੁਸਟ ਦੋਖ ਤੇ ਰਹਾ॥੨੪॥

ਖੜਗ ਕੇਤੁ ਮੈ ਸਰਣਿ ਤਿਹਾਰੀ॥ ਆਪ ਹਾਥ ਦੈ ਲੇਹੁ ਉਬਾਰੀ॥
ਸਰਬ ਠੌਰ ਮੋ ਹੋਹੁ ਸਹਾਈ॥ ਦੁਸਟ ਦੋਖ ਤੇ ਲੇਹੁ ਬਚਾਈ॥੨੫॥

*—ਸ੍ਰੀ ਦਸਮ ਗ੍ਰੰਥ ਵਿਚੋਂ*